Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 5 : # ਅੰਕ 15 | 11/07/2026 | www.samajweekly.com | samajweekly | @samajweekly | samajweekly

# ਅਮਰੀਕਾ ਨੇ ਇਰਾਨ ’ਤੇ ਨਵੀਆਂ ਸਖ਼ਤ ਪਾਬੰਦੀਆਂ ਲਾਈਆਂ

## ਕਈ ਕਾਰੋਬਾਰੀ, ਬੈਂਕਰ ਅਤੇ ਵਿੱਤੀ ਸੰਸਥਾਵਾਂ ਅਮਰੀਕਾ ਦੇ ਨਿਸ਼ਾਨੇ ’ਤੇ ਆਏ; ਹਰਮੁਜ਼ ਜਲ ਮਾਰਗ ਵਿੱਚ ਵਪਾਰਕ ਜਹਾਜ਼ਾਂ ’ਤੇ ਹਮਲਿਆਂ ਤੋਂ ਬਾਅਦ ਕੀਤਾ ਫ਼ੈਸਲਾ





**ਵਾਸ਼ਿੰਗਟਨ।** ਅਮਰੀਕਾ ਨੇ ਇਰਾਨ ’ਤੇ ਨਵੀਆਂ ਪਾਬੰਦੀਆਂ ਲਗਾ ਦਿੱਤੀਆਂ ਹਨ। ਅਮਰੀਕੀ ਵਿੱਤ ਮੰਤਰਾਲੇ (ਟ੍ਰੇਜ਼ਰੀ ਡਿਪਾਰਟਮੈਂਟ) ਮੁਤਾਬਕ ਇਹ ਫ਼ੈਸਲਾ ਇਰਾਨ ਵੱਲੋਂ ਅੰਤਰਰਾਸ਼ਟਰੀ ਸਮੁੰਦਰੀ ਮਾਰਗ 'ਹਰਮੁਜ਼ ਜਲ ਮਾਰਗ' ਵਿੱਚ ਵਪਾਰਕ ਜਹਾਜ਼ਾਂ 'ਤੇ ਮੁੜ ਹਮਲੇ ਕਰਨ ਤੋਂ ਬਾਅਦ ਲਿਆ ਗਿਆ ਹੈ। ਮੰਤਰਾਲੇ ਨੇ ਦੱਸਿਆ ਕਿ ਇਹਨਾਂ ਪਾਬੰਦੀਆਂ ਦੇ ਘੇਰੇ ਵਿੱਚ ਦੁਬਈ ਵਿੱਚ ਰਹਿਣ ਵਾਲਾ ਇਰਾਨੀ ਬੈਂਕਰ ਅਤੇ ਨਾਮੀ ਕਾਰੋਬਾਰੀ ਅਲੀ ਅੰਸਾਰੀ ਸ਼ਾਮਲ ਹੈ, ਜਿਸ 'ਤੇ ਇਰਾਨ ਦੀ ਫੌਜ 'ਰੈਵੋਲਿਊਸ਼ਨਰੀ ਗਾਰਡਸ' ਨੂੰ ਵਿੱਤੀ ਸਹਾਇਤਾ ਦੇਣ ਦੇ ਦੋਸ਼ ਹੇਠ ਬ੍ਰਿਟੇਨ ਵੱਲੋਂ ਪਹਿਲਾਂ ਹੀ ਪਾਬੰਦੀ ਲਗਾਈ ਜਾ ਚੁੱਕੀ ਹੈ। ਇਸ ਤੋਂ ਇਲਾਵਾ ਕਈ ਹੋਰ ਵਿਅਕਤੀਆਂ ਅਤੇ ਸੰਸਥਾਵਾਂ ਨੂੰ ਵੀ ਬਲੈਕਲਿਸਟ ਕੀਤਾ ਗਿਆ ਹੈ। ਅਮਰੀਕੀ ਪ੍ਰਸ਼ਾਸਨ ਨੇ ਅਲੀ ਅੰਸਾਰੀ ਨੂੰ ਇਰਾਨ ਦੇ ਨਵੇਂ ਸਰਵਉੱਚ ਆਗੂ ਦਾ ਮੁੱਖ ਫਾਈਨਾਂਸਰ ਦੱਸਿਆ ਹੈ। ਮੰਤਰਾਲੇ ਮੁਤਾਬਕ ਅੰਸਾਰੀ ਨੇ ਜਨਤਕ ਫੰਡਾਂ ਦੇ ਪੈਸੇ ਦੀ ਹੇਰਾਫੇਰੀ ਕਰਕੇ ਵਿਦੇਸ਼ਾਂ ਵਿੱਚ ਰੀਅਲ ਅਸਟੇਟ ਅਤੇ ਵਪਾਰਕ ਖੇਤਰਾਂ ਵਿੱਚ ਇੱਕ ਵੱਡਾ ਸਾਮ-ਰਾਜ ਖੜ੍ਹਾ ਕੀਤਾ ਹੈ, ਜਿਸਦੀ ਵਰਤੋਂ ਉਹ ਖ਼ੁਦ ਨੂੰ, ਇਰਾਨ ਦੇ ਸਰਕਾਰੀ ਪ੍ਰਭਾਵਸ਼ਾਲੀ ਲੋਕਾਂ ਨੂੰ ਅਤੇ ਰੈਵੋਲਿਊਸ਼ਨਰੀ ਗਾਰਡਸ ਨੂੰ ਫਾਇਦਾ ਪਹੁੰਚਾਉਣ ਲਈ ਕਰ ਰਿਹਾ ਸੀ। ਅਮਰੀਕੀ ਵਿੱਤ ਮੰਤਰਾਲੇ ਦੇ 'ਆਫਿਸ ਆਫ ਫੌਰਨ ਐਸੇਟਸ ਕੰਟਰੋਲ' ਨੇ ਇਰਾਨ ਦੇ ਉਹਨਾਂ ਮੁੱਖ ਐਕਸਚੇਂਜ ਹਾਊਸਾਂ (ਮਨੀ ਟ੍ਰਾਂਸਫਰ ਸੰਸਥਾਵਾਂ) ਨੂੰ ਵੀ ਨਿਸ਼ਾਨਾ ਬਣਾਇਆ ਹੈ, ਜੋ ਪਾਬੰਦੀਸ਼ੁਦਾ ਇਰਾਨੀ ਬੈਂਕਾਂ ਦੀ ਤਰਫ਼ੋਂ ਸਾਲਾਨਾ ਅਰਬਾਂ ਡਾਲਰਾਂ ਦਾ ਲੈਣ-ਦੇਣ ਕਰਦੇ ਸਨ। ਇਹ ਸੰਸਥਾਵਾਂ ਸਰਕਾਰ ਦੀਆਂ ਗ਼ੈਰ-ਕਾਨੂੰਨੀ ਵਿੱਤੀ ਗਤੀਵਿਧੀਆਂ ਨੂੰ ਲੁਕ-ਾਉਣ ਲਈ ਕਈ ਪਰਤਾਂ ਵਾਲੀਆਂ ਫਰਜ਼ੀ (ਸ਼ੈੱਲ) ਕੰਪਨੀਆਂ ਦੇ ਨੈੱਟਵਰਕ ਦੀ ਵਰਤੋਂ ਕਰ ਰਹੀਆਂ ਸਨ, ਜਿਸ ਨੂੰ ਹੁਣ ਜ਼ਬਤ ਕਰ ਲਿਆ ਗਿਆ ਹੈ। ਇਹਨਾਂ ਨਵੀਆਂ ਪਾਬੰਦੀਆਂ ਦਾ ਐਲਾਨ ਖੇਤਰ ਵਿੱਚ ਹਫ਼ਤੇ ਭਰ ਚੱਲੇ ਸੰਘਰਸ਼ ਤੋਂ ਬਾਅਦ ਸ਼ਾਂਤੀ ਦੇ ਮਾਹੌਲ ਦੌਰਾਨ ਕੀਤਾ ਗਿਆ ਹੈ। ਦੱਸ ਦੇਈਏ ਕਿ ਬੀਤੇ ਦਿਨੀਂ ਇਰਾਨ ਵੱਲੋਂ ਕਤਰ ਅਤੇ ਸਾਊਦੀ ਅਰਬ ਦੇ ਤਿੰਨ ਵਪਾਰਕ ਟੈਂਕਰਾਂ 'ਤੇ ਗੋਲੀਬਾਰੀ ਕੀਤੀ ਗਈ ਸੀ, ਜਿਸ ਦੇ ਜਵਾਬ ਵਿੱਚ ਅਮਰੀਕਾ ਨੇ ਇਰਾਨੀ ਟਿਕਾਣਿਆਂ 'ਤੇ ਹਮਲੇ ਕੀਤੇ ਸਨ। ਇਸ ਤੋਂ ਬਾਅਦ ਇਰਾਨ ਨੇ ਵੀ ਖਾੜੀ ਦੇਸ਼ਾਂ (ਗਲਫ ਸਟੇਟਸ) ਵਿੱਚ ਸਥਿਤ ਅਮਰੀਕੀ ਫ਼ੌਜੀ ਟਿਕਾਣਿਆਂ ਨੂੰ ਨਿਸ਼ਾਨਾ ਬਣਾ ਕੇ ਜਵਾਬੀ ਕਾਰਵਾਈ ਕੀਤੀ ਸੀ, ਜਿਸ ਨਾਲ ਦੋਵਾਂ ਦੇਸ਼ਾਂ ਵਿਚਕਾਰ ਸਿਆਸੀ ਅਤੇ ਫ਼ੌਜੀ ਤਣਾਅ ਬਹੁਤ ਜ਼ਿਆਦਾ ਵਧ ਗਿਆ ਹੈ।

# ਸੁਪਰੀਮ ਕੋਰਟ 'ਚ 13 ਜੁਲਾਈ ਨੂੰ ਰਾਮ ਮੰਦਰ ਚੜ੍ਹਾਵੇ ਦੀ ਕਥਿਤ ਚੋਰੀ ਮਾਮਲੇ 'ਚ ਕਰੇਗਾ ਸੁਣਵਾਈ

## ਸੀ.ਜੇ.ਆਈ. ਸੂਰਿਆਕਾਂਤ ਦੀ ਬੈਂਚ ਸੀ.ਬੀ.ਆਈ. ਜਾਂਚ ਦੀ ਮੰਗ 'ਤੇ ਕਰੇਗੀ ਸੁਣਵਾਈ

**ਨਵੀਂ ਦਿੱਲੀ:** ਅਯੁੱਧਿਆ ਰਾਮ ਮੰਦਰ ਦਾਨ ਚੋਰੀ ਦਾ ਮਾਮਲਾ ਸੁਪਰੀਮ ਕੋਰਟ ਪਹੁੰਚ ਗਿਆ ਹੈ। ਰਾਮ ਮੰਦਰ ਵਿੱਚ ਕਥਿਤ ਦਾਨ ਚੋਰੀ ਦੀ ਸੀਬੀਆਈ ਜਾਂਚ ਦੀ ਮੰਗ ਕਰਦੇ ਹੋਏ ਸੁਪਰੀਮ ਕੋਰਟ ਵਿੱਚ ਦੋ ਜਨਹਿੱਤ ਪਟੀਸ਼ਨਾਂ (ਪੀਆਈਐਲ) ਦਾਇਰ ਕੀਤੀਆਂ ਗਈਆਂ ਹਨ।13 ਜੁਲਾਈ (ਸੋਮਵਾਰ) ਨੂੰ, ਭਾਰਤ ਦੇ ਚੀਫ਼ ਜਸਟਿਸ (ਸੀਜੇਆਈ) ਸੂਰਿਆ ਕਾਂਤ ਦੀ ਅਗਵਾਈ ਵਾਲਾ ਬੈਂਚ ਸ਼੍ਰੀ ਰਾਮ ਜਨਮ ਭੂਮੀ ਤੀਰਥ ਖੇਤਰ ਟਰੱਸਟ ਵਿੱਚ ਕਥਿਤ ਦਾਨ ਦੀ ਦੁਰਵਰਤੋਂ ਦੀ ਸੀਬੀਆਈ ਜਾਂਚ ਦੀ ਮੰਗ ਕਰਨ ਵਾਲੀਆਂ ਪਟੀਸ਼ਨਾਂ 'ਤੇ ਸੁਣਵਾਈ ਕਰੇਗਾ। ਇੰਡੀਆ ਟੂਡੇ ਦੀ ਇੱਕ ਰਿਪੋਰਟ ਦੇ ਅਨੁਸਾਰ, ਸੀਜੇਆਈ ਸੂਰਿਆ ਕਾਂਤ ਦੀ ਅਗਵਾਈ ਵਾਲੇ ਤਿੰਨ ਮੈਂਬਰੀ ਬੈਂਚ ਵਿੱਚ ਜਸਟਿਸ ਜੋਇਮਲਿਆ ਬਾਗਚੀ ਅਤੇ ਜਸਟਿਸ ਵੀਐਸ ਮੋਹਨ ਵੀ ਸ਼ਾਮਲ ਹੋਣਗੇ।



**ਅਦਾਲਤ ਦੀ ਨਿਗਰਾਨੀ ਹੇਠ ਸੀਬੀਆਈ ਜਾਂਚ ਦੀ ਮੰਗ**

ਵਕੀਲਾਂ ਅਜੈ ਕੁਮਾਰ ਰਾਏ ਅਤੇ ਦਿਨੇਸ਼ ਕੁਮਾਰ ਯਾਦਵ ਨੇ ਸੁਪਰੀਮ ਕੋਰਟ ਵਿੱਚ ਇੱਕ ਜਨਹਿਤ ਪਟੀਸ਼ਨ (ਪੀਆਈਐਲ) ਦਾਇਰ ਕੀਤੀ ਹੈ ਜਿਸ ਵਿੱਚ ਰਾਮ ਮੰਦਰ ਵਿੱਚ ਸ਼ਰਧਾਲੂਆਂ ਦੁਆਰਾ ਦਿੱਤੇ ਗਏ ਚੜ੍ਹਾਵੇ ਅਤੇ ਦਾਨ ਦੀ ਕਥਿਤ ਦੁਰਵਰਤੋਂ ਦੀ ਨਿਰਪੱਖ ਜਾਂਚ ਦੀ ਮੰਗ ਕੀਤੀ ਗਈ ਹੈ।

ਰਾਸ਼ਟਰੀ ਜਨਤਾ ਦਲ (ਆਰਜੇਡੀ) ਦੇ ਸੰਸਦ ਮੈਂਬਰ ਸੁਧਾਕਰ ਸਿੰਘ ਨੇ ਵੀ ਇਸੇ ਮੁੱਦੇ 'ਤੇ ਇੱਕ ਵੱਖਰੀ ਪਟੀਸ਼ਨ ਦਾਇਰ ਕੀਤੀ ਹੈ।ਇਹ ਜਨਹਿਤ ਪਟੀਸ਼ਨਾਂ ਦਾਨ ਅਤੇ ਚੜ੍ਹਾਵੇ ਦੀ ਕਥਿਤ ਗਬਨ ਅਤੇ ਦੁਰਵਰਤੋਂ ਦੀ ਵਿਸਤ੍ਰਿਤ ਜਾਂਚ ਦੀ ਮੰਗ ਕਰਦੀਆਂ ਹਨ।ਪਟੀਸ਼ਨਾਂ ਰਾਮ ਮੰਦਰ ਟਰੱਸਟ ਵਿੱਚ ਕਥਿਤ ਵਿੱਤੀ ਬੇਨਿਯਮੀਆਂ ਦੀ ਅਦਾਲਤ ਦੀ ਨਿਗਰਾਨੀ ਹੇਠ ਸੀਬੀਆਈ ਜਾਂਚ ਦੀ ਵੀ ਮੰਗ ਕਰਦੀਆਂ ਹਨ।

# ਮਸ਼ਹਦ ਵਿੱਚ ਸਪੁਰਦ-ਏ-ਖ਼ਾਕ ਹੋਏ ਅਯਾਤੁੱਲਾ ਅਲੀ ਖ਼ਾਮੇਨੇਈ, ਜਨਾਜ਼ੇ ਵਿੱਚ ਉਮੜੀ ਲੱਖਾਂ ਦੀ ਭੀੜ

**ਮਸ਼ਹਦ।** ਇਰਾਨ ਦੇ ਸਾਬਕਾ ਸੁਪਰੀਮ ਨੇਤਾ ਅਯਾਤੁੱਲਾ ਅਲੀ ਖ਼ਾਮੇਨੇਈ ਨੂੰ ਅੱਜ ਉਨ੍ਹਾਂ ਦੇ ਜੱਦੀ ਸ਼ਹਿਰ ਮਸ਼ਹਦ ਸਥਿਤ ਇਮਾਮ ਰਜ਼ਾ ਦਰਗਾਹ ਕੰਪਲੈਕਸ ਵਿੱਚ ਪੂਰੇ ਸਰਕਾਰੀ ਅਤੇ ਧਾਰਮਿਕ ਸਨਮਾਨ ਦੇ ਨਾਲ ਸਪੁਰਦ-ਏ-ਖ਼ਾਕ ਕਰ ਦਿੱਤਾ ਗਿਆ। ਇਕ ਹਫ਼ਤੇ ਤੱਕ ਚੱਲੇ ਸੋਗ ਪ੍ਰੋਗਰਾਮਾਂ ਅਤੇ ਜਨਾਜ਼ੇ ਤੋਂ ਬਾਅਦ ਅੰਤਿਮ ਸੰਸਕਾਰ ਵਿੱਚ ਲੱਖਾਂ ਲੋਕਾਂ ਦੀ ਭੀੜ ਉਮੜੀ। ਖ਼ਾਮੇਨੇਈ ਦੀ ਮ੍ਰਿਤਕ ਦੇਹ ਨੂੰ ਟਰੱਕ ਤੇ ਰੱਖ ਕੇ ਮਸ਼ਹਦ ਦੀਆਂ ਪ੍ਰਮੁੱਖ ਸੜਕਾਂ ਤੋਂ ਇਮਾਮ ਰਜ਼ਾ ਦਰਗਾਹ ਤੱਕ ਲਿਜਾਇਆ ਗਿਆ। ਅੰਤਿਮ ਯਾਤਰਾ ਦੌਰਾਨ ਕਾਲੇ ਕੱਪੜੇ ਪਹਿਨੇ ਲੱਖਾਂ ਲੋਕ ਇਰਾਨੀ ਝੰਡੇ, ਖ਼ਾਮੇਨੇਈ ਦੀਆਂ ਤਸਵੀਰਾਂ ਅਤੇ ਧਾਰਮਿਕ ਤੇ ਕ੍ਰਾਂਤੀਕਾਰੀ ਨਾਅਰੇ ਲਿਖੇ ਬੈਨਰ ਲੈ ਕੇ ਸ਼ਾਮਲ ਹੋਏ। ਕਈ ਲੋਕ ਤਾਬੂਤ ਦੇ ਨੇੜੇ ਪਹੁੰਚ ਕੇ ਅੰਤਿਮ ਸ਼ਰਧਾਂਜਲੀ ਦੇਣ ਦੀ ਕੋਸ਼ਿਸ਼ ਕਰਦੇ ਦਿਖਾਈ ਦਿੱਤੇ। ਇਰਾਨੀ ਅਧਿਕਾਰੀਆਂ ਅਨੁਸਾਰ ਇਰਾਕ ਦੇ ਨਜਫ ਅਤੇ ਕਰਬਲਾ ਵਿਚ ਆਯੋਜਿਤ ਵਿਸ਼ਾਲ ਜਨਾਜ਼ਿਆਂ ਵਿਚ ਭਾਰੀ ਭੀੜ



ਕਾਰਨ ਮਸ਼ਹਦ ਵਿਚ ਅੰਤਿਮ ਯਾਤਰਾ ਨਿਰਧਾਰਤ ਸਮੇਂ ਤੋਂ ਕਈ ਘੰਟੇ ਦੇਰੀ ਨਾਲ ਸ਼ੁਰੂ ਹੋਈ। ਅੰਤਿਮ ਸੰਸਕਾਰ ਤੋਂ ਪਹਿਲਾਂ ਖਾਮੇਨੇਈ ਅਤੇ ਉਨ੍ਹਾਂ ਦੇ ਪਰਿਵਾਰ ਦੇ 4 ਹੋਰ ਮੈਂਬਰਾਂ ਦੀਆਂ ਮ੍ਰਿਤਕ ਦੇਹਾਂ ਨੂੰ ਇਰਾਕ ਤੋਂ ਜਹਾਜ਼ ਰਾਹੀਂ ਮਸ਼ਹਦ ਲਿਆਂਦਾ ਗਿਆ ਸੀ। 28 ਫਰਵਰੀ ਨੂੰ ਤਹਿਰਾਨ ਸਥਿਤ ਉਨ੍ਹਾਂ ਦੀ ਰਿਹਾਇਸ਼ ਤੇ ਹੋਏ ਅਮਰੀਕੀ-ਇਜ਼ਰਾਈਲੀ ਹਵਾਈ ਹਮਲੇ ਵਿਚ ਖਾਮੇਨੇਈ ਅਤੇ ਉਨ੍ਹਾਂ ਦੇ ਪਰਿਵਾਰ ਦੇ ਕਈ ਮੈਂਬਰ ਮਾਰੇ ਗਏ ਸਨ। ਇਸ ਘਟਨਾ ਤੋਂ ਬਾਅਦ ਦੇਸ਼ ਭਰ ਵਿਚ ਸ਼ੋਕ ਸਭਾਵਾਂ ਅਤੇ ਸ਼ਰਧਾਂਜਲੀ ਪ੍ਰੋਗਰਾਮਾਂ ਦਾ ਸਿਲਸਿਲਾ ਚੱਲਿਆ। ਇਮਾਮ ਰਜ਼ਾ ਦਰਗਾਹ, ਜਿੱਥੇ ਖਾਮੇਨੇਈ ਨੂੰ ਦਫ਼ਨਾਇਆ ਗਿਆ, ਸ਼ੀਆ ਮੁਸਲਮਾਨਾਂ ਦੇ ਸਭ ਤੋਂ ਪਵਿੱਤਰ ਧਾਰਮਿਕ ਅਸਥਾਨਾਂ ਵਿੱਚੋਂ ਇਕ ਮੰਨੀ ਜਾਂਦੀ ਹੈ। ਮਸ਼ਹਦ ਖਾਮੇਨੇਈ ਦਾ ਜਨਮ ਸਥਾਨ ਵੀ ਸੀ ਅਤੇ ਉਨ੍ਹਾਂ ਨੇ ਆਪਣੀ ਮੁੱਢਲੀ ਧਾਰਮਿਕ ਸਿੱਖਿਆ ਇੱਥੋਂ ਹੀ ਪ੍ਰਾਪਤ ਕੀਤੀ ਸੀ। ਅਮਰੀਕਾ ਅਤੇ ਇਜ਼ਰਾਈਲੀ ਹਮਲਿਆਂ ਵਿੱਚ ਇਰਾਨ ਦੇ ਸੁਪਰੀਮ ਲੀਡਰ ਆਯਤੁੱਲਾ ਅਲੀ ਖ਼ਾਮੇਨੇਈ ਦੀ ਮੌਤ ਹੋ ਗਈ ਸੀ। ਖ਼ਾਮੇਨੇਈ ਨੇ ਲਗਭਗ 37 ਸਾਲ ਇਰਾਨ ਤੇ ਰਾਜ ਕੀਤਾ। ਉਹ 28 ਫਰਵਰੀ ਨੂੰ ਅਮਰੀਕੀ ਅਤੇ ਇਜ਼ਰਾਈਲੀ ਹਵਾਈ ਹਮਲਿਆਂ ਵਿੱਚ ਮਾਰੇ ਗਏ ਸਨ, ਜਿਨ੍ਹਾਂ ਹਮਲਿਆਂ ਨੇ ਇਰਾਨ ਯੁੱਧ ਸ਼ੁਰੂ ਕੀਤਾ ਸੀ।

# ਕੁੱਤੇ ਦੇ ਹਮਲੇ ਕਾਰਨ ਪੰਜ ਸਾਲਾ ਬੱਚੀ ਗੰਭੀਰ ਜ਼ਖਮੀ



**ਬਰੇਲੀ।** ਬਰੇਲੀ ਦੇ ਮਲਕਪੁਰ ਪਿੰਡ ਬਹੇੜੀ ਵਿੱਚ ਇੱਕ ਪਾਗਲ ਕੁੱਤੇ ਨੇ ਪੰਜ ਸਾਲਾ ਉਪਾਸਨਾ ਤੇ ਹਮਲਾ ਕੀਤਾ। ਕੁੱਤੇ ਨੇ ਬੱਚੀ ਦੇ ਚਿਹਰੇ ਅਤੇ ਗਰਦਨ ਨੂੰ ਬੁਰੀ ਤਰ੍ਹਾਂ ਨੋਚ ਦਿੱਤਾ। ਉਸਨੂੰ ਜ਼ਿਲ੍ਹਾ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਕੁੱਤੇ ਨੇ ਉਸਦੇ ਪਿਤਾ ਅਤੇ ਦੋ ਹੋਰ ਪਿੰਡ ਵਾਸੀਆਂ ਨੂੰ ਵੀ ਵੱਢਿਆ ਅਤੇ ਜ਼ਖਮੀ ਕਰ ਦਿੱਤਾ ਜੋ ਉਸਨੂੰ ਬਚਾਉਣ ਲਈ ਭੱਜੇ। ਧਰਮਿੰਦਰ ਕੁਮਾਰ ਦੀ ਪੰਜ ਸਾਲਾ ਧੀ ਉਪਾਸਨਾ ਇੱਕ ਘਰ ਤੋਂ ਦੂਜੇ ਘਰ ਜਾ ਰਹੀ ਸੀ ਜਦੋਂ ਕੁੱਤੇ ਨੇ ਉਸ ਤੇ ਹਮਲਾ ਕਰ ਦਿੱਤਾ। ਕੁੱਤੇ ਨੇ ਪਹਿਲਾਂ ਉਸਦੀ ਗਰਦਨ ਤੇ ਵਾਰ ਕੀਤਾ ਅਤੇ ਫਿਰ ਉਸਦੇ ਚਿਹਰੇ ਤੇ ਬੁਰੀ ਤਰ੍ਹਾਂ ਨੋਚ ਦਿੱਤਾ, ਜਿਸ ਨਾਲ ਉਸਦੇ ਬੁੱਲ੍ਹਾਂ ਅਤੇ ਗੱਲ੍ਹਾਂ ਤੇ ਗੰਭੀਰ ਸੱਟਾਂ ਲੱਗੀਆਂ। ਉਸਨੂੰ ਡੂੰਘੇ ਜ਼ਖ਼ਮ ਹੋਏ, ਜਿਸ ਨਾਲ ਉਸਦਾ ਚਿਹਰਾ ਵਿਗੜ ਗਿਆ। ਉਸਦੀ ਚੀਕ ਸੁਣ ਕੇ ਉਸਦੇ ਪਿਤਾ ਅਤੇ ਪਿੰਡ ਵਾਸੀ ਮੌਕੇ ਤੇ ਪਹੁੰਚ ਗਏ। ਉਸਦੇ ਪਿਤਾ ਨੇ ਡੰਡੇ ਦੀ ਵਰਤੋਂ ਕੀਤੀ ਜਦੋਂ ਕਿ ਪਿੰਡ ਵਾਸੀਆਂ ਨੇ ਕੁੱਤੇ ਨੂੰ ਭਜਾਉਣ ਲਈ ਇੱਟਾਂ ਅਤੇ ਪੱਥਰ ਸੁੱਟੇ, ਹਾਲਾਂਕਿ, ਸੰਘਰਸ਼ ਦੌਰਾਨ ਕੁੱਤੇ ਨੇ ਧਰਮਿੰਦਰ ਦੀ ਲੱਤ ਤੇ ਵੀ ਵੱਢ ਲਿਆ। ਪਰਿਵਾਰਕ ਮੈਂਬਰਾਂ ਨੇ ਗੰਭੀਰ ਰੂਪ ਵਿੱਚ ਜ਼ਖਮੀ ਲੜਕੀ ਨੂੰ ਬਹੇੜੀ ਕਮਿਊਨਿਟੀ ਹੈਲਥ ਸੈਂਟਰ ਪਹੁੰਚਾਇਆ। ਉਸਦੀ ਹਾਲਤ ਗੰਭੀਰ ਹੋਣ ਕਾਰਨ ਡਾਕਟਰ ਨੇ ਉਸਨੂੰ ਬਰੇਲੀ ਦੇ ਜ਼ਿਲ੍ਹਾ ਹਸਪਤਾਲ ਰੈਫਰ ਕਰ ਦਿੱਤਾ। ਜ਼ਿਲ੍ਹਾ ਹਸਪਤਾਲ ਦੇ ਐਮਰਜੈਂਸੀ ਵਾਰਡ ਵਿੱਚ ਪਹੁੰਚਣ ਤੇ ਇੱਕ ਜਨਰਲ ਸਰਜਨ ਨੂੰ ਤੁਰੰਤ ਬੁਲਾਇਆ ਗਿਆ ਅਤੇ ਉਸਨੂੰ ਓਪਰੇਟਿੰਗ ਥੀਏਟਰ ਵਿੱਚ ਲਿਜਾਇਆ ਗਿਆ। ਡਾਕਟਰਾਂ ਦੇ ਅਨੁਸਾਰ, ਉਸਦੇ ਚਿਹਰੇ ਤੇ ਡੂੰਘੇ ਜ਼ਖ਼ਮ ਸਨ ਜਿਨ੍ਹਾਂ ਨੂੰ ਸੱਤ ਤੋਂ ਅੱਠ ਟਾਂਕੇ ਲਗਾਉਣੇ ਪਏ। ਉਸਨੂੰ ਐਂਟੀ-ਰੇਬੀਜ਼ ਸੀਰਮ ਵੀ ਲਗਾਇਆ ਗਿਆ।

# ਹਜ਼ਾਰਾਂ ਦੀ ਗਿਣਤੀ ਵਿੱਚ ਪਹੁੰਚੇ ਕਿਸਾਨਾਂ ਵਲੋਂ ਚੰਡੀਗੜ੍ਹ ਵਿੱਚ ਵਿਸ਼ਾਲ ਰੋਸ ਮਾਰਚ

**ਚੰਡੀਗੜ੍ਹ।** ਪੰਜਾਬ ਦੀਆਂ ਦੋ ਕਿਸਾਨ ਜਥੇਬੰਦੀਆਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਅਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਸੱਦੇ ਤੇ ਪੰਜਾਬ ਦੇ ਕੋਨੇ ਕੋਨੇ ਤੋਂ ਵਰ੍ਹਦੇ ਮੀਂਹ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਚੰਡੀਗੜ੍ਹ ਪੁੱਜੇ ਕਿਸਾਨਾਂ (ਮਰਦ ਔਰਤਾਂ) ਨੇ ਭਾਰਤ ਅਮਰੀਕਾ ਵਪਾਰ ਸਮਝੌਤੇ, ਨਵੀਂ ਲੈਂਡ ਪੂਲਿੰਗ ਨੀਤੀ, ਇਰਾਨ ਤੇ ਅਮਰੀਕੀ ਹਮਲੇ ਖ਼ਿਲਾਫ਼ ਅਤੇ ਇਸ ਹਮਲੇ ਦੀ ਆੜ ਵਿੱਚ ਭਾਰਤੀ ਲੋਕਾਂ ਤੇ ਮਹਿੰਗਾਈ ਦੇ ਪਾਏ ਜਾ ਰਹੇ ਬੋਝ ਖਿਲਾਫ਼ ਸੈਕਟਰ 34 ਦੇ ਦੁਸਹਿਰਾ ਗਰਾਊਂਡ ਵਿੱਚ ਵਿਸ਼ਾਲ ਰੈਲੀ ਕੀਤੀ ਅਤੇ ਮਟਕਾ ਚੌਂਕ ਤੱਕ ਰੋਸ ਮੁਜ਼ਾਹਰਾ ਕਰਕੇ ਕੇਂਦਰ ਦੀ ਮੋਦੀ ਸਰਕਾਰ ਅਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਵਿਰੁੱਧ ਜ਼ਬਰਦਸਤ ਪ੍ਰਦਰਸ਼ਨ ਕੀਤਾ। ਇਸ ਮੌਕੇ ਜੁੜੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਅਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਪ੍ਰਧਾਨ ਮਨਜੀਤ ਸਿੰਘ ਧਨੇਰ ਨੇ ਕਿਹਾ ਕਿ ਮੋਦੀ ਸਰਕਾਰ ਵੱਲੋਂ ਸਿਰੇ ਚਾੜ੍ਹਿਆ ਜਾ ਰਿਹਾ ਭਾਰਤ ਅਮਰੀਕਾ ਵਪਾਰ ਸਮਝੌਤਾ ਕਿਸਾਨਾਂ ਦੇ ਨਾਲ ਨਾਲ ਸਮਾਜ ਦੇ ਸਭਨਾਂ ਮਿਹਨਤਕਸ਼ ਵਰਗਾਂ ਤੇ ਮਾਰ ਪਾਵੇਗਾ। ਉਹਨਾਂ ਕਿਹਾ ਕਿ ਅਮਰੀਕੀ ਮੰਡੀ ਵਿੱਚੋਂ ਆਉਣ ਵਾਲੇ ਖੇਤੀ ਉਤਪਾਦ ਭਾਰਤੀ ਕਿਸਾਨਾਂ ਦਾ



ਉਜਾੜਾ ਕਰਨਗੇ ਅਤੇ ਹੋਰ ਸਨਅਤੀ ਤਿਆਰ ਮਾਲ ਛੋਟੇ ਸਨਅਤਕਾਰਾਂ ਤੇ ਛੋਟੇ ਵਪਾਰੀਆਂ/ਕਾਰੋਬਾਰੀਆਂ ਦਾ ਉਜਾੜਾ ਕਰੇਗਾ। ਉਹਨਾਂ ਕਿਹਾ ਕਿ ਮੋਦੀ ਹਕੂਮਤ ਅਮਰੀਕੀ ਸਾਮਰਾਜੀਆਂ ਦੇ ਦਬਾਅ ਮੂਹਰੇ ਝੁਕ ਕੇ ਦੇਸ਼ ਦੇ ਕਿਸਾਨਾਂ ਨਾਲ ਨਾਲ ਧਰੋਹ ਕਮਾ ਰਹੀ ਹੈ ਜਦਕਿ ਮੁਲਕ ਅੰਦਰ ਖਰੀ ਰਾਸ਼ਟਰਵਾਦੀ ਸਰਕਾਰ ਹੋਣ ਦੇ ਦਾਅਵੇ ਕਰਦੀ ਰਹੀ ਹੈ। ਅਸਲੀਅਤ ਵਿੱਚ ਇਹ ਸਰਕਾਰ ਆਪਣੀ ਫਿਰਕੂ ਰਾਸ਼ਟਰਵਾਦੀ ਸਿਆਸਤ ਦੇ ਜ਼ਰੀਏ ਸਾਮਰਾਜੀਆਂ ਦੀ ਸੇਵਾ ਕਮਾ ਰਹੀ ਹੈ। ਉਹਨਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਕਿਸਾਨਾਂ ਦੇ ਸਖਤ ਵਿਰੋਧ ਦੇ ਮਗਰੋਂ ਰੱਦ ਕੀਤੀ ਗਈ ਲੁਟੇਰੀ ਲੈਂਡ ਪੂਲਿੰਗ ਨੀਤੀ ਮੁੜ ਲਿਆ ਕੇ ਕਾਰ-ਪੋਰੇਟ ਕਾਰੋਬਾਰੀਆਂ ਤੇ ਰੀਅਲ ਅਸਟੇਟ ਦੀਆਂ ਜੋਕਾਂ ਨੂੰ ਹਰ ਹਾਲ ਕਿਸਾਨਾਂ ਦੀਆਂ ਜ਼ਮੀਨਾਂ ਲੁਟਾਉਣਾ ਚਾਹੁੰਦੀ ਹੈ। ਉਹਨਾਂ ਐਲਾਨ ਕੀਤਾ ਕਿ ਪੰਜਾਬ ਦੇ ਕਿਸਾਨ ਅਜਿਹੀ ਖੇਤੀ ਉਜਾੜੂ ਤੇ ਕਿਸਾਨ ਉਜਾੜੂ ਨੀਤੀ ਨੂੰ ਲਾਗੂ ਨਹੀਂ ਹੋਣ ਦੇਣਗੇ। ਇਸ ਮੌਕੇ ਸੰਬੋਧਨ ਕਰਦਿਆਂ ਝੰਡਾ ਸਿੰਘ ਜੇਠੂਕੇ ਅਤੇ ਗੁਰਦੀਪ ਸਿੰਘ ਰਾਮਪੁਰਾ ਨੇ ਇਰਾਨ ਤੇ ਅਮਰੀਕੀ ਸਾਮਰਾਜ ਵੱਲੋਂ ਵਿੱਢੇ ਹੋਏ ਫੌਜੀ ਹਮਲੇ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਹ ਹਮਲਾ ਇਰਾਨ ਨੂੰ ਲੁੱਟਣ ਅਤੇ ਸਾਰੇ ਮੱਧ ਪੂਰਬ ਅੰਦਰ ਤੇਲ ਤੇ ਕਬਜ਼ਾ ਜਮਾ ਕੇ ਰੱਖਣ ਲਈ ਇਰਾਨੀ ਟਾਕਰਾ ਖਤਮ ਕਰਨ ਲਈ ਕੀਤਾ ਗਿਆ ਹੈ। ਅਮਰੀਕੀ ਸਾਮਰਾਜੀ ਹੁਕਮਰਾਨ ਦੁਨੀਆਂ ਭਰ ਦੇ ਦੇਸ਼ਾਂ ਨੂੰ ਲੁੱਟਣ ਲਈ ਆਪਣੇ ਸਮਝੌਤੇ ਤੇ ਲੋਟੂ ਨੀਤੀਆਂ ਮੜ੍ਹ ਰਹੇ ਹਨ ਅਤੇ ਇਹਨਾਂ ਨੀਤੀਆਂ ਖਿਲਾਫ ਆਵਾਜ਼ ਉਠਾਉਣ ਵਾਲੇ ਦੇਸ਼ਾਂ ਦੇ ਹੁਕਮਰਾਨਾਂ ਨੂੰ ਕਤਲ ਕਰਨ ਤੇ ਮੁਲਕਾਂ ਤੇ ਹਮਲੇ ਕਰਨ ਤੱਕ ਜਾ ਰਹੇ ਹਨ। ਉਹਨਾਂ ਕਿਹਾ ਕਿ ਮੋਦੀ ਸਰਕਾਰ ਹੱਕੀ ਜੰਗ ਲੜ ਰਹੇ ਇਰਾਨ ਨਾਲ ਖੜਨ ਦੀ ਥਾਂ ਅਮਰੀਕੀ ਸਾਮਰਾਜੀਆਂ ਦੀ ਚਾਕਰੀ ਵਿੱਚ ਇਜ਼ਰਾਈਲ ਤੇ ਅਮਰੀਕਾ ਦਾ ਸਾਥ ਦੇ ਰਹੀ ਹੈ। ਇਸ ਜੰਗ ਦੀ ਆੜ ਲੈ ਕੇ ਪੈਟਰੋਲ ਡੀਜ਼ਲ ਤੇ ਰਸੋਈ ਗੈਸ ਦੀਆਂ ਕੀਮਤਾਂ ਦੇ ਵਧੇ ਰਾਹੀਂ ਲੋਕਾਂ ਤੇ ਭਾਰੀ ਬੋਝ ਪਾਇਆ ਜਾ ਰਿਹਾ ਹੈ।


Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office



Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com



ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।


# ਅੰਮ੍ਰਿਤਸਰ ਪੁਲਿਸ ਨੇ ਅੰਤਰਰਾਸ਼ਟਰੀ ਨਸ਼ਾ ਤਸਕਰੀ ਗਿਰੋਹ ਦਾ ਕੀਤਾ ਪਰਦਾਫ਼ਾਸ਼



**ਅੰਮ੍ਰਿਤਸਰ:** ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਨਸ਼ਾ ਤਸਕਰਾਂ ਖ਼ਿਲਾਫ਼ ਵੱਡੀ ਕਾਰਵਾਈ ਕਰਦਿਆਂ ਪਾਕਿਸਤਾਨ ਨਾਲ ਜੁੜੇ ਇੱਕ ਅੰਤਰਰਾਸ਼ਟਰੀ ਡਰੱਗ ਕਾਰਟਲ ਦਾ ਪਰਦਾਫਾਸ਼ ਕੀਤਾ ਹੈ। ਪੁਲਿਸ ਨੇ ਇਸ ਮਾਮਲੇ ਵਿੱਚ ਹੁਣ ਤੱਕ 8 ਕਿਲੋ 378 ਗ੍ਰਾਮ ਹੈਰੋਇਨ ਅਤੇ 2 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕਰਕੇ ਦੋ ਮੁਲਜ਼ਮਾਂ ਨੂੰ ਕਾਬੂ ਕੀਤਾ ਹੈ, ਜਿਨ੍ਹਾਂ ਵਿੱਚ ਇੱਕ ਜੁਵੇਨਾਈਲ ਵੀ ਸ਼ਾਮਲ ਹੈ। ਪੁਲਿਸ ਦਾ ਕਹਿਣਾ ਹੈ ਕਿ ਇਸ ਮਾਮਲੇ ਵਿੱਚ ਹੋਰ ਵੀ ਵੱਡੇ ਖੁਲਾਸੇ ਹੋਣ ਦੀ ਸੰਭਾਵਨਾ ਹੈ।

ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਇਹ ਕਾਰਵਾਈ ਇੰਟੈਲੀਜੈਂਸ ਅਧਾਰਿਤ ਆਪ੍ਰੇਸ਼ਨ ਤਹਿਤ ਕੀਤੀ ਗਈ। ਪਹਿਲੇ ਪੜਾਅ ਵਿੱਚ ਥਾਣਾ ਛਾਟਾ ਦੀ ਪੁਲਿਸ ਨੇ ਲਵਪ੍ਰੀਤ ਸਿੰਘ ਉਰਫ਼ ਲਵ ਅਤੇ ਇੱਕ ਜੁਵੇਨਾਈਲ ਨੂੰ ਗ੍ਰਿਫ਼ਤਾਰ ਕਰਕੇ 2 ਕਿਲੋ ਹੈਰੋਇਨ ਬਰਾਮਦ ਕੀਤੀ। ਪੁੱਛਗਿੱਛ ਦੌਰਾਨ ਮਿਲੀ ਜਾਣਕਾਰੀ ਦੇ ਆਧਾਰ 'ਤੇ ਪੁਲਿਸ ਨੇ ਹੋਰ 3 ਕਿਲੋ 10 ਗ੍ਰਾਮ ਹੈਰੋਇਨ ਅਤੇ 2 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ। ਇਸ ਤਰ੍ਹਾਂ ਪਹਿਲੇ ਆਪ੍ਰੇਸ਼ਨ ਵਿੱਚ ਕੁੱਲ 5 ਕਿਲੋ 10 ਗ੍ਰਾਮ ਹੈਰੋਇਨ ਹੱਥ ਲੱਗੀ। ਇਸ ਤੋਂ ਬਾਅਦ ਜਾਂਚ ਨੂੰ ਅੱਗੇ ਵਧਾਉਂਦਿਆਂ ਪੁਲਿਸ ਨੇ ਇੱਕ ਹੋਰ ਆਪ੍ਰੇਸ਼ਨ ਚਲਾਇਆ, ਜਿਸ ਦੌਰਾਨ 3 ਕਿਲੋ 368 ਗ੍ਰਾਮ ਹੈਰੋਇਨ ਹੋਰ ਬਰਾਮਦ ਕੀਤੀ ਗਈ। ਇਸ ਨਾਲ ਕੁੱਲ ਬਰਾਮਦਗੀ 8 ਕਿਲੋ 378 ਗ੍ਰਾਮ ਹੈਰੋਇਨ ਤੱਕ ਪਹੁੰਚ ਗਈ। ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਮੁੱਖ ਮੁਲਜ਼ਮ ਲਵਪ੍ਰੀਤ ਸਿੰਘ ਖਾਸਾ ਪਿੰਡ ਦਾ 28 ਸਾਲਾ ਬੀ.ਏ. ਪਾਸ ਨੌਜਵਾਨ ਹੈ, ਜਿਸ ਖ਼ਿਲਾਫ਼ ਪਹਿਲਾਂ ਕੋਈ ਅਪਰਾਧਿਕ ਮਾਮਲਾ ਦਰਜ ਨਹੀਂ ਸੀ।


ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

## ਫਰੀਦਕੋਟ: ਸੁਨਿਆਰੇ ਦੀ ਦੁਕਾਨ ਤੋਂ ਚਾਂਦੀ ਦੀਆਂ ਚੇਨਾਂ ਖੋਹ ਕੇ ਭੱਜਣ ਵਾਲੇ ਨੌਜਵਾਨ ਖ਼ਿਲਾਫ਼ ਮਾਮਲਾ ਦਰਜ



**ਫਰੀਦਕੋਟ:** ਫਰੀਦਕੋਟ ਦੇ ਮੇਨ ਬਾਜ਼ਾਰ ਵਿੱਚ ਬੀਤੀ ਸ਼ਾਮ ਇੱਕ ਜਿਊਲਰ ਦੀ ਦੂਕਾਨ ਤੋਂ ਚਾਂਦੀ ਦੀਆਂ ਚੇਨਾਂ ਖੋਹ ਕੇ ਭੱਜਣ ਦੀ ਕੋਸ਼ਿਸ਼ ਕਰਨ ਵਾਲੇ ਨੌਜਵਾਨ ਨੂੰ ਲੋਕਾਂ ਨੇ ਮੌਕੇ 'ਤੇ ਹੀ ਕਾਬੂ ਕਰਕੇ ਪੁਲਿਸ ਹਵਾਲੇ ਕਰ ਦਿੱਤਾ ਸੀ। ਇਸ ਘਟਨਾ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋਈ ਸੀ। ਹੁਣ ਪੁਲਿਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ ਦੇ ਆਧਾਰ 'ਤੇ ਮੁਲਜ਼ਮ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੀ ਜਾਂਚ ਸ਼ੁਰੂ ਕਰ ਦਿੱਤੀ ਹੈ। ਡੀਐਸਪੀ ਤਰਲੋਚਨ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੀਤੀ ਸ਼ਾਮ ਕਰੀਬ 4:30 ਵਜੇ ਫਰੀਦਕੋਟ ਦੇ ਮੇਨ ਬਾਜ਼ਾਰ ਸਥਿਤ ਜੈਨ ਜਿਊਲਰਜ਼ ਦੀ ਦੁਕਾਨ 'ਤੇ ਇੱਕ ਸਰਦਾਰ ਨੌਜਵਾਨ ਆਇਆ। ਉਸ ਨੇ ਖਰੀਦਦਾਰੀ ਕਰਨ ਦੀ ਗੱਲ ਕਹੀ, ਜਿਸ 'ਤੇ ਉਸ ਨੂੰ ਸੋਨੇ ਅਤੇ ਚਾਂਦੀ ਦੇ ਗਹਿਣੇ ਦਿਖਾਏ ਗਏ। ਗਹਿਣੇ ਦੇਖਣ ਤੋਂ ਬਾਅਦ ਨੌਜਵਾਨ ਨੇ ਸੋਨੇ ਦੀ ਪਾਲਿਸ਼ ਵਾਲੀਆਂ ਚਾਂਦੀ ਦੀਆਂ ਤਿੰਨ ਚੇਨਾਂ, ਜਿਨ੍ਹਾਂ ਦੀ ਕੀਮਤ ਕਰੀਬ 20 ਹਜ਼ਾਰ ਰੁਪਏ ਸੀ, ਸ਼ਿਕਾਇਤਕਰਤਾ ਤੋਂ ਝਪਟ ਮਾਰ ਕੇ ਖੋਹ ਲਈਆਂ ਅਤੇ ਭੱਜਣ ਲੱਗਾ। ਬਾਜ਼ਾਰ ਵਿੱਚ ਭੀੜ ਹੋਣ ਕਾਰਨ ਦੂਕਾਨਦਾਰ, ਦੁਕਾਨ 'ਤੇ ਕੰਮ ਕਰਦੀ ਲੜਕੀ ਅਤੇ ਮੌਕੇ 'ਤੇ ਮੌਜੂਦ ਲੋਕਾਂ ਨੇ ਉਸ ਦਾ ਪਿੱਛਾ ਕਰਕੇ ਕਾਬੂ ਕਰ ਲਿਆ। ਇਸ ਦੌਰਾਨ ਪੀਸੀਆਰ ਪਾਰਟੀ ਵੀ ਮੌਕੇ 'ਤੇ ਪਹੁੰਚ ਗਈ ਅਤੇ ਨੌਜਵਾਨ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ। ਡੀਐਸਪੀ ਨੇ ਦੱਸਿਆ ਕਿ ਸ਼ਿਕਾਇਤਕਰਤਾ ਦੇ ਬਿਆਨਾਂ ਦੇ ਆਧਾਰ 'ਤੇ ਮੁਲਜ਼ਮ ਖ਼ਿਲਾਫ਼ ਮੁਕੱਦਮਾ ਦਰਜ ਕਰ ਲਿਆ ਗਿਆ ਹੈ ਅਤੇ ਮਾਮਲੇ ਦੀ ਜਾਂਚ ਜਾਰੀ ਹੈ।

## ਹਾਈਟੈਂਸ਼ਨ ਲਾਈਨ ਦੀ ਚਪੇਟ 'ਚ ਆਉਣ ਨਾਲ ਬਿਜਲੀ ਕਰਮਚਾਰੀ ਅਤੇ ਉਸ ਦੇ ਨਿੱਜੀ ਸਹਾਇਕ ਦੀ ਮੌਤ





**ਮੋਗਾ:** ਮੋਗਾ ਦੇ ਨਿਹਾਲ ਸਿੰਘ ਵਾਲਾ ਅਧੀਨ ਪੈਂਦੇ ਪਿੰਡ ਰਾਊਕੇ ਤੋਂ ਘੋਲੀਆ ਖੁਰਦ ਰਸਤੇ ’ਚ ਸੂਏ ਨੇੜੇ ਹਾਈਟੈਂਸ਼ਨ ਲਾਈਨ ਦੀ ਚਪੇਟ 'ਚ ਆਉਣ ਨਾਲ ਦੋ ਨੌਜਵਾਨਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਜਾਣਕਾਰੀ ਅਨੁਸਾਰ ਬਿਜਲੀ ਕਰਮਚਾਰੀ ਅੰਮ੍ਰਿਤਪਾਲ ਸਿੰਘ ਆਪਣੇ ਨਿੱਜੀ ਸਹਾਇਕ ਸੁਖਪ੍ਰੀਤ ਨਾਲ ਫਾਲਟ ਚੈੱਕ ਕਰਨ ਗਿਆ ਹੋਇਆ ਸੀ। ਕੰਮ ਦੌਰਾਨ ਦੋਵੇਂ ਦਰੱਖਤ ਹੇਠ ਰੋਟੀ ਖਾਣ ਲਈ ਬੈਠੇ ਸਨ ਕਿ ਦਰੱਖਤ ਵਿੱਚ ਕਰੰਟ ਪਾਸ ਹੋ ਗਿਆ ਅਤੇ ਦੋਵੇਂ ਇਸ ਦੀ ਚਪੇਟ 'ਚ ਆ ਗਏ। ਮ੍ਰਿਤਕਾਂ ਦੀ ਪਛਾਣ 35 ਸਾਲਾ ਅੰਮ੍ਰਿਤਪਾਲ ਸਿੰਘ ਅਤੇ 27 ਸਾਲਾ ਸੁਖਪ੍ਰੀਤ, ਦੋਵੇਂ ਵਾਸੀ ਰਾਊਕੇ ਕਲਾਂ ਵਜੋਂ ਹੋਈ ਹੈ। ਪੁਲਿਸ ਨੇ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ ਆਧਾਰ 'ਤੇ ਧਾਰਾ 194 ਬੀਐਨਐਸ ਤਹਿਤ ਕਾਰਵਾਈ ਕਰਦਿਆਂ ਪੋਸਟਮਾਰਟਮ ਤੋਂ ਬਾਅਦ ਲਾਸ਼ਾਂ ਪਰਿਵਾਰ ਨੂੰ ਸੌਂਪ ਦਿੱਤੀਆਂ ਹਨ।

## ਲਾਲੜੂ ਨੇੜੇ ਭਿਆਨਕ ਸੜਕ ਹਾਦਸਾ, ਅਵਾਰਾ ਜਾਨਵਰ ਨੂੰ ਬਚਾਉਂਦੇ ਹੋਏ ਫਾਰਚੂਨਰ ਕਾਰ ਪਲਟੀ



**ਲਾਲੜੂ:** ਲਾਲੜੂ ਪੁਲਿਸ ਸਟੇਸ਼ਨ ਖੇਤਰ ਅਧੀਨ ਆਉਂਦੇ ਆਈਟੀਆਈ ਚੌਕ ਨੇੜੇ ਇੱਕ ਬੇਹੱਦ ਦਰਦਨਾਕ ਸੜਕ ਹਾਦਸਾ ਵਾਪਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇੱਕ ਤੇਜ਼ ਰਫ਼ਤਾਰ ਫਾਰਚੂਨਰ ਕਾਰ ਦੇ ਅਵਾਰਾ ਜਾਨਵਰ ਨਾਲ ਟਕਰਾਉਣ ਅਤੇ ਬਾਅਦ ਵਿੱਚ ਡਿਵਾਈਡਰ ਨਾਲ ਵੱਜ ਕੇ ਪਲਟਣ ਕਾਰਨ ਦੋ ਲੋਕਾਂ ਦੀ ਮੌਤ ਹੋ ਗਈ। ਮ੍ਰਿਤਕਾਂ ਵਿੱਚ ਲੁਧਿਆਣਾ ਦਾ ਇੱਕ ਨੌਜਵਾਨ ਜਿਮ ਮਾਲਕ ਵੀ ਸ਼ਾਮਲ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਹਾਦਸਾ ਸ਼ੁੱਕਰਵਾਰ ਸਵੇਰੇ ਉਸ ਵੇਲੇ ਵਾਪਰਿਆ ਜਦੋਂ ਦਿੱਲੀ ਜਾ ਰਹੀ ਫਾਰਚੂਨਰ ਕਾਰ ਦੇ ਅੱਗੇ ਅਚਾਨਕ ਇੱਕ ਅਵਾਰਾ ਜਾਨਵਰ ਆ ਗਿਆ। ਜਾਨਵਰ ਨੂੰ ਬਚਾਉਣ ਦੀ ਕੋਸ਼ਿਸ਼ ਵਿੱਚ ਡਰਾਈਵਰ ਨੇ ਗੱਡੀ ਤੋਂ ਕੰਟਰੋਲ ਗੁਆ ਦਿੱਤਾ। ਬੇਕਾਬੂ ਹੋਈ ਕਾਰ ਜ਼ੋਰਦਾਰ ਤਰੀਕੇ ਨਾਲ ਡਿਵਾਈਡਰ ਨਾਲ ਜਾ ਟਕਰਾਈ ਅਤੇ ਪਲਟ ਗਈ। ਟੱਕਰ ਇੰਨੀ ਜ਼ਬਰਦਸਤ ਸੀ ਕਿ ਕਾਰ ਪੂਰੀ ਤਰ੍ਹਾਂ ਤਬਾਹ ਹੋ ਗਈ। ਹਾਦਸੇ ਵਿੱਚ ਜਾਨ ਗਵਾਉਣ ਵਾਲੇ ਵਿਅਕਤੀਆਂ ਦੀ ਪਛਾਣ ਲੁਧਿਆਣਾ ਦੇ ਰਹਿਣ ਵਾਲੇ 23 ਸਾਲਾ ਮਨਜੋਤ ਸਿੰਘ (ਜਿਮ ਮਾਲਕ) ਅਤੇ ਰਵੀ ਕੁਮਾਰ (ਡਰਾਈਵਰ) ਵਜੋਂ ਹੋਈ ਹੈ। ਮ੍ਰਿਤਕ ਮਨਜੋਤ ਸਿੰਘ ਦੇ ਪਿਤਾ ਅਮਰਪਾਲ ਸਿੰਘ ਨੇ ਪੁਲਿਸ ਨੂੰ ਦੱਸਿਆ ਕਿ ਉਨ੍ਹਾਂ ਦਾ ਪੁੱਤਰ ਵੀਰਵਾਰ ਰਾਤ ਲਗਭਗ 11:45 ਵਜੇ ਆਪਣੇ ਦੋਸਤ ਆਕਾਸ਼ ਵਰਮਾ, ਸੁਰੱਖਿਆ ਗਾਰਡ ਰਾਜੀਵ ਕੁਮਾਰ ਪਾਂਡੇ ਅਤੇ ਡਰਾਈਵਰ ਰਵੀ ਕੁਮਾਰ ਨਾਲ ਫਾਰਚੂਨਰ ਕਾਰ ਵਿੱਚ ਸਵਾਰ ਹੋ ਕੇ ਦਿੱਲੀ ਲਈ ਰਵਾਨਾ ਹੋਇਆ ਸੀ। ਖ਼ੁਸ਼ਕਿਸਮਤੀ ਨਾਲ ਕਾਰ ਵਿੱਚ ਸਵਾਰ ਦੋ ਹੋਰ ਲੋਕ ਇਸ ਭਿਆਨਕ ਹਾਦਸੇ ਵਿੱਚ ਵਾਲ-ਵਾਲ ਬਚ ਗਏ। ਮਨਜੋਤ ਦੇ ਦੋਸਤ ਆਕਾਸ਼ ਵਰਮਾ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ, ਜਦੋਂ ਕਿ ਸੁਰੱਖਿਆ ਗਾਰਡ ਰਾਜੀਵ ਕੁਮਾਰ ਪਾਂਡੇ ਬਿਲਕੁਲ ਸੁਰੱਖਿਅਤ ਹੈ। ਘਟਨਾ ਦੀ ਸੂਚਨਾ ਇੱਕ ਸਥਾਨਕ ਨਿਵਾਸੀ ਨੇ ਪੁਲਿਸ ਨੂੰ ਦਿੱਤੀ, ਜਿਸ ਤੋਂ ਬਾਅਦ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕੀਤੀ। ਮ੍ਰਿਤਕ ਦੇ ਪਿਤਾ ਨੇ ਬਿਆਨ ਦਿੱਤਾ ਹੈ ਕਿ ਇਹ ਇੱਕ ਅਚਾਨਕ ਵਾਪਰਿਆ ਹਾਦਸਾ ਸੀ ਅਤੇ ਇਸ ਵਿੱਚ ਕਿਸੇ ਦੀ ਕੋਈ ਲਾਪਰਵਾਹੀ ਨਹੀਂ ਸੀ, ਇਸ ਲਈ ਉਹ ਕਿਸੇ ਖ਼ਿਲਾਫ਼ ਵੀ ਕਾਨੂੰਨੀ ਕਾਰਵਾਈ ਨਹੀਂ ਚਾਹੁੰਦੇ। ਲਾਲੜੂ ਪੁਲਿਸ ਨੇ ਬੀਐਨਐਸਐਸ ਐਕਟ ਦੀ ਧਾਰਾ 194 ਦੇ ਤਹਿਤ ਕਾਰਵਾਈ ਅਮਲ ਵਿੱਚ ਲਿਆਂਦੀ ਹੈ। ਦੋਵਾਂ ਲਾਸ਼ਾਂ ਦਾ ਪੋਸਟਮਾਰਟਮ ਕਰਵਾ ਕੇ ਵਾਰਸਾਂ ਦੇ ਹਵਾਲੇ ਕਰ ਦਿੱਤਾ ਗਿਆ ਹੈ ਅਤੇ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

SHAM LAL CHANDER

ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਸ਼੍ਰੀ ਗੁਰੂ ਅਮਰਦਾਸ ਹਸਪਤਾਲ, ਲੁਧਿਆਣਾ ਵਿਖੇ ਮੁਫ਼ਤ ਵਿਸ਼ਾਲ ਮੈਡੀਕਲ ਅਤੇ ਡੈਂਟਲ ਚੈਕਅੱਪ ਕੈਂਪ ਵਿੱਚ ਵੱਡੀ ਤਾਦਾਦ ਵਿੱਚ ਮਰੀਜ਼ਾਂ ਦਾ ਇਲਾਜ ਕੀਤਾ ਗਿਆ





**ਲੁਧਿਆਣਾ 10 ਜੁਲਾਈ (ਕਰਨੈਲ ਸਿੰਘ ਐੱਮ.ਏ.)** ਸ਼੍ਰੀ ਗੁਰੂ ਅਮਰਦਾਸ ਹਸਪਤਾਲ, ਸੈਕਟਰ-32, ਲੁਧਿਆਣਾ ਵਿਖੇ ਮੁਫ਼ਤ ਵਿਸ਼ਾਲ ਮੈਡੀਕਲ ਅਤੇ ਦੰਦਾਂ ਦਾ ਚੈਕਅੱਪ ਕੈਂਪ ਲਗਾਇਆ ਗਿਆ। ਇਸ ਮੌਕੇ ਚੇਅਰਮੈਨ ਬਾਬਾ ਡਾ: ਅਨਹਦਰਾਜ ਸਿੰਘ ਜੀ ਨੇ ਵੀ ਹਾਜ਼ਰੀ ਭਰੀ। ਇਸ ਕੈਂਪ ਵਿੱਚ ਵੱਖ-ਵੱਖ ਵਿਭਾਗਾਂ ਜਿਵੇਂ ਕਿ ਹੱਡੀਆਂ, ਦਿਲ ਦੇ ਰੋਗ, ਅੱਖਾਂ ਦੇ ਰੋਗ, ਮੈਡੀਸਨ, ਨਿਊਰੋਲੋਜੀ ਅਤੇ ਦੰਦਾਂ ਦੀਆਂ ਬੀਮਾਰੀਆਂ ਦੇ ਮਾਹਿਰ ਡਾਕਟਰਾਂ ਦੀਆਂ ਟੀਮਾਂ ਨੇ 500 ਤੋਂ ਵੱਧ ਮਰੀਜ਼ਾਂ ਦਾ ਚੈੱਕਅੱਪ ਕੀਤਾ ਅਤੇ ਮੁਫ਼ਤ ਦਵਾਈਆਂ ਵੀ ਵੰਡੀਆਂ ਗਈਆਂ। ਕੈਂਪ ਦੌਰਾਨ ਐਕਸਰੇ, ਅਲਟਰਾਸਾਊਂਡ ਸਕੈਨ, ਬਲੱਡ ਟੈਸਟ, ਸੀ.ਟੀ. ਸਕੈਨ ਵਰਗੀਆਂ ਸਹੂਲਤਾਂ ਮਰੀਜ਼ਾਂ ਨੂੰ ਮੁਫ਼ਤ ਮੁਹੱਈਆ ਕਰਵਾਈਆਂ ਗਈਆਂ। ਕੈਂਪ ਵਿੱਚ ਹਰ ਖਿੱਤੇ ਦੇ ਲੋਕਾਂ ਨੇ ਹਾਜ਼ਰੀ ਭਰੀ। ਇਸ ਦੇ ਨਾਲ ਹੀ ਬਾਬਾ ਜੀ ਨੇ ਹਸਪਤਾਲ ਵਿੱਚ ਇੱਕ ਨਵੇਂ ਓਪਰੇਸ਼ਨ ਥਿਏਟਰ ਦਾ ਉਦਘਾਟਨ ਵੀ ਕੀਤਾ ਅਤੇ ਡਾ: ਕੁਲਦੀਪ ਸਿੰਘ ਨੂੰ ਸਰਜਰੀ ਵਿਭਾਗ ਦੇ ਮੁੱਖੀ ਵਜੋਂ ਵਧਾਈ ਦਿੱਤੀ। ਹਸਪਤਾਲ ਦੇ ਪ੍ਰਬੰਧਨ ਨੇ ਸਾਰੇ ਵਿਭਾਗਾਂ ਦੀ ਜਲਦ ਸੁਚਾਰੂ ਕਾਰਜਸ਼ੀਲਤਾ ਦਾ ਭਰੋਸਾ ਦਿੱਤਾ ਅਤੇ ਨਾਲ ਹੀ ਵੱਡੀਆਂ ਸਰਜਰੀਆਂ ਅਤੇ ਹੋਰ ਮੈਡੀਕਲ ਸਹੂਲਤਾਂ ਨੂੰ ਘੱਟ ਤੋਂ ਘੱਟ ਰੇਟ ਤੇ ਲੋਕ ਭਲਾਈ ਦੇ ਖਿੱਤੇ ਵਿੱਚ ਕੰਮ ਕਰਨ ਦਾ ਕਦਮ ਚੁੱਕਿਆ ਹੈ।

# ਭਾਰਤ ਦੀਆਂ ਜੇਲ੍ਹਾਂ ਵਿੱਚੋਂ ਵਿਦੇਸ਼ਾਂ ਵਿੱਚ ਕਾਰੇ ਕਰਵਾ ਰਹੇ ਗੈਂਗਸਟਰਾਂ ਬਾਰੇ ਐਫ ਬੀ ਆਈ ਦੇ ਖੁਲਾਸੇ ਤੇ ਭਾਰਤ ਸਰਕਾਰ ਆਪਣਾ ਰਵੱਈਆ ਸਪਸ਼ਟ ਕਰੇ,- ਸੀਪੀਆਈ

**ਲੁਧਿਆਣਾ 10 ਜੁਲਾਈ (ਕਰਨੈਲ ਸਿੰਘ ਐੱਮ.ਏ.)** ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਲੁਧਿਆਣਾ ਨੇ ਜਾਰੀ ਬਿਆਨ ਵਿੱਚ ਕਿਹਾ ਹੈ ਕਿ ਅਮਰੀਕਾ ਦੀ ਐਫ ਬੀ ਆਈ ਵੱਲੋਂ ਲਾਰੈਂਸ ਬਿਸ਼ਨੋਈ ਅਤੇ ਹੋਰ ਗੈਂਗਸਟਰਾਂ ਬਾਰੇ ਦਿੱਤੇ ਗਏ ਖੁਲਾਸੇ ਨੇ ਬੜੇ ਗੰਭੀਰ ਸਵਾਲ ਖੜੇ ਕਰ ਦਿੱਤੇ ਹਨ। ਉਨ੍ਹਾਂ ਦੇ ਮੁਤਾਬਿਕ ਇਹ ਗੈਂਗਸਟਰ ਜ਼ੇਲ੍ਹਾਂ ਵਿੱਚੋਂ ਰਹਿ ਕੇ ਸੈਟੇਲਾਈਟ ਫੋਨ ਦਾ ਪ੍ਰਯੋਗ ਕਰਕੇ ਤੇ ਦੂਜੇ ਹੋਰ ਤਰੀਕਿਆਂ ਦਾ ਪ੍ਰਯੋਗ ਕਰਕੇ ਅਮਰੀਕਾ ਤੇ ਕਨੇਡਾ ਵਿੱਚ ਵੀ ਫਿਰੌਤੀਆਂ ਪ੍ਰਾਪਤ ਕਰ ਰਹੇ ਹਨ। ਫਿਰੌਤੀਆਂ ਨਾ ਦੇਣ ਦੀ ਸਥਿਤੀ ਦੇ ਵਿੱਚ ਉਹ ਧਮਕੀਆਂ ਦਿੰਦੇ ਹਨ ਕਿ ਉਹਨਾਂ ਦੇ ਜੋ ਪੰਜਾਬ ਵਿੱਚ ਰਹਿਣ ਵਾਲੇ ਰਿਸ਼ਤੇਦਾਰ ਹਨ ਉਹਨਾਂ ਨੂੰ ਧਮਕੀਆਂ ਦਿੱਤੀਆਂ ਜਾਣਗੀਆਂ ਤੇ ਉਹਨਾਂ ਤੇ ਕਾਰਵਾਈ ਕੀਤੀ ਜਾਏਗੀ। ਦੁੱਖ ਦੀ ਗੱਲ ਤਾਂ ਇਹ ਵੀ ਹੈ ਕਿ ਟਾਂਡਾ ਦੇ ਐਸ ਐਚ ਓ ਗੁਰਿੰਦਰਜੀਤ ਸਿੰਘ ਟਾਂਡਾ ਤੇ ਚਾਰ ਲੱਖ ਡਾਲਰ ਦੀ ਫਿਰੋਤੀ ਦਾ ਦੋਸ਼ ਲੱਗਿਆ ਹੈ। ਇਹ ਵੀ ਖ਼ਬਰ ਆ ਰਹੀ ਹੈ ਕਿ ਅਮਰੀਕਾ ਇਹਨਾਂ ਗੈਂਗਸਟਰਾਂ ਨੂੰ ਅਮਰੀਕਾ ਬੁਲਾਉਣ ਦੇ ਲਈ ਭਾਰਤ ਸਰਕਾਰ ਨੂੰ ਆਖੇਗਾ। ਜਿਹੜੇ ਪ੍ਰਮੁੱਖ ਦੋਸ਼ੀਆਂ ਦੀਆਂ ਗੱਲਾਂ ਹਨ ਉਹ ਗੁਜਰਾਤ, ਦਿੱਲੀ ਤੇ ਯੂਪੀ ਦੀਆਂ ਜ਼ੇਲ੍ਹਾਂ ਵਿੱਚ ਹਨ ਤੇ ਉਥੋਂ ਹੀ ਉਹ ਬੈਠੇ ਇਸ ਕਿਸਮ ਦੇ ਕਾਰੇ ਕਰ ਰਹੇ ਹਨ। ਇਹਨਾਂ ਤਿੰਨਾਂ ਰਾਜਾਂ ਵਿੱਚ ਭਾਜਪਾ ਦੀ ਸਰਕਾਰ ਹੈ। ਇਹ ਜ਼ੇਲ੍ਹਾਂ ਦੇ ਪ੍ਰਸ਼ਾਸਨ ਤੇ ਪ੍ਰਸ਼ਨ ਚਿੰਨ ਖੜੇ ਕਰਦਾ ਹੈ ਕਿ ਇਹ ਸੰਭਵ ਹੀ ਨਹੀਂ ਕਿ ਉਹਨਾਂ ਨੂੰ ਇਹਨਾਂ ਗੱਲਾਂ ਦਾ ਪਤਾ ਨਾ ਹੋਵੇ। ਦੂਜੇ ਪਾਸੇ ਇਹ ਵੀ ਪ੍ਰਸ਼ਨ ਹੈ ਕਿ ਕੀ ਸਰਕਾਰ ਦੀ ਸਹਿਮਤੀ ਤੋਂ ਬਿਨਾਂ ਇਸ ਕਿਸਮ ਦੀ ਕਮਜ਼ੋਰੀ ਜੇਲ੍ਹ ਪ੍ਰਸ਼ਾਸਨ ਦਿਖਾ ਸਕਦਾ ਹੈ ? ਐਫ ਬੀ ਆਈ ਵੱਲੋਂ ਇਸ ਖੁਲਾਸੇ ਨੇ ਸਾਡੇ ਦੇਸ਼ ਦੀ ਸ਼ਾਖ ਤੇ ਬਹੁਤ ਵੱਡੀ ਸੱਟ ਮਾਰੀ ਹੈ। ਇਹ ਬੜੀ ਹੈਰਾਨੀ ਵਾਲੀ ਗੱਲ ਹੈ ਕਿ 24 ਘੰਟੇ ਦੇ ਬਾਅਦ ਵੀ ਨਾ ਤਾਂ ਭਾਰਤ ਸਰਕਾਰ, ਨਾ ਭਾਰਤ ਸਰਕਾਰ ਦੀ ਕੋਈ ਏਜੰਸੀ, ਸੀ ਬੀ ਆਈ ਜਾਂ ਐਨ ਆਈ ਏ ਜਾਂ ਐਨ ਐਸ ਏ ਨੇ ਇਸ ਬਾਬਤ ਕੋਈ ਬਿਆਨ ਦਿੱਤਾ ਹੈ। ਅਮਿਤ ਸ਼ਾਹ ਜੋ ਕਿ ਗ੍ਰਹਿ ਮੰਤਰੀ ਹਨ ਉਹਨਾਂ ਤੇ ਸਿੱਧਾ ਸਵਾਲ ਆਉਂਦਾ ਹੈ ਕਿਉਂਕਿ ਲਾਰੰਸ ਬਿਸ਼ਨੋਈ ਗੁਜਰਾਤ ਦੀ ਜ਼ੇਲ੍ਹ ਵਿੱਚ ਹੈ ਜਿੱਥੋਂ ਕਿ ਅਮਿਤ ਸ਼ਾਹ ਆਉਂਦੇ ਹਨ ਤੇ ਦੂਸਰਾ ਹੁਣ ਇਸ ਮਾਮਲੇ ਨੇ ਅੰਤਰਰਾਸ਼ਟਰੀ ਤੂਲ ਪਕੜ ਲਈ ਹੈ ਜੋ ਕਿ ਇੱਕ ਬਹੁਤ ਹੀ ਗੰਭੀਰ ਵਿਸ਼ਾ ਹੈ। ਇਹ ਵੀ ਪ੍ਰਸ਼ਨ ਹੁਣ ਸੋਚਣ ਵਾਲੇ ਹਨ ਕਿ ਕੀ ਸਾਡੇ ਦੇਸ਼ ਵਿੱਚ ਜ਼ੇਲ੍ਹ ਨਿਯਮ ਸੁਧਾਰ, ਪੁਲਿਸ ਨਿਯਮ ਸੁਧਾਰ ਅਤੇ ਨਿਆਂਪਾਲਿਕਾ ਦੇ ਸੁਧਾਰ ਕਰਨਾ ਜ਼ਰੂਰੀ ਹੋ ਗਿਆ ਹੈ। ਪੁਲਿਸ ਦੇ ਕੰਮਾਂ ਵਿੱਚ ਪਾਰਦਰਸ਼ਤਾ ਨਾ ਹੋਣ ਕਾਰਨ ਅੱਜ ਮੋਦੀ ਸਰਕਾਰ ਸਾਰੇ ਦੇਸ਼ ਨੂੰ ਪੁਲਿਸ ਰਾਜ ਵਜੋਂ ਵਰਤਨਾ ਚਾਹੁੰਦੀ ਹੈ ਤੇ ਛੋਟੀਆਂ ਛੋਟੀਆਂ ਗੱਲਾਂ ਤੇ ਕੁਝ ਚੋਣਵੇ ਦੋਸ਼ੀਆਂ ਦੇ ਘਰਾਂ ਤੇ ਬੁਲਡੋਜਰ ਫੇਰ ਰਹੀ ਹੈ ਜਦੋਂ ਕਿ ਦੂਸਰੇ ਦੋਸ਼ੀਆਂ ਤੇ ਕੋਈ ਕਾਰਵਾਈ ਤੱਕ ਨਹੀਂ ਹੁੰਦੀ। ਇਸ ਲਈ ਪੁਲਿਸ ਦੀ ਜਵਾਬਦੇਹੀ ਤੇ ਪਾਰਦਰਸ਼ਤਾ ਵਰਗੇ ਕਾਨੂੰਨ ਮਾਹਿਰਾਂ ਦੀ ਰਾਏ ਦੇ ਮੁਤਾਬਕ ਬਣਾਉਣੇ ਅਤੀ ਜ਼ਰੂਰੀ ਹੋ ਗਏ ਹਨ। ਬਿਆਨ ਜਾਰੀ ਕਰਨ ਵਾਲਿਆਂ ਵਿੱਚ ਕਾਮਰੇਡ ਡੀ.ਪੀ.ਮੌੜ- ਜ਼ਿਲ੍ਹਾ ਸਕੱਤਰ, ਐਮ.ਐਸ. ਭਾਟੀਆ, ਚਮਕੌਰ ਸਿੰਘ, ਡਾ: ਰਜਿੰਦਰ ਪਾਲ ਔਲਖ (ਸਾਰੇ ਸਹਾਇਕ ਸਕੱਤਰ), ਡਾ: ਅਰੁਣ ਮਿੱਤਰਾ, ਰਮੇਸ਼ ਰਤਨ, ਕੇਵਲ ਸਿੰਘ ਬਨਵੈਤ ਅਤੇ ਵਿਜੇ ਕੁਮਾਰ ਸ਼ਾਮਿਲ ਹਨ।

# ਮਾਵਾਂ ਧੀਆਂ ਸਤਿਕਾਰਯੋਗ ਯੋਜਨਾ ਤਹਿਤ ਮਹਿਲਾਵਾਂ ਨਾਲ ਮੱਤਭੇਦ ਕਰਨਾ ਨਿੰਦਣਯੋਗ : ਆਜਾਦ ਰਤਨ



**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਪੰਜਾਬ ਸਰਕਾਰ ਵੱਲੋਂ ਮਾਵਾਂ ਧੀਆਂ ਸਤਿਕਾਰਯੋਗ ਯੋਜਨਾ ਸ਼ੁਰੂ ਕਰ ਮਾਵਾਂ ਧੀਆਂ ਵਿੱਚ ਐਸ.ਸੀ. ਅਤੇ ਜਨਰਲ ਕੈਟੇਗਰੀ ਵਿੱਚ ਮਤਭੇਦ ਕਰ ਜਾਤੀਵਾਦ ਮਤਭੇਦ ਨੂੰ ਹੁੰਗਾਰਾ ਦਿੱਤਾ ਹੈ । ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਆਲ ਇੰਡੀਆ ਹਿਊਮਨ ਰਾਈਟਸ ਕੌਂਸਲ ਦੇ ਕੌਮੀ ਪ੍ਰਧਾਨ ਆਸਾ ਸਿੰਘ ਆਜਾਦ ਕੌਮੀ ਚੇਅਰਮੈਨ ਚੇਤ ਰਾਮ ਰਤਨ ਨੇ ਆਪਣੇ ਸਾਂਝੇ ਬਿਆਨ ਵਿੱਚ ਕੀਤਾ । ਉਹਨਾਂ ਕਿਹਾ ਕਿ ਹੁਣ ਦੇ ਸਮੇਂ ਵਿੱਚ ਲੋਕ ਜਾਤ-ਪਾਤ ਦੇ ਮਤਭੇਦ ਭੁੱਲਦੇ ਜਾ ਰਹੇ ਹਨ ਪਰ ਪੰਜਾਬ ਸਰਕਾਰ ਵੱਲੋਂ ਮਾਵਾਂ ਧੀਆਂ ਸਤਿਕਾਰਯੋਗ ਯੋਜਨਾ ਤਹਿਤ ਐਸ.ਸੀ. ਮਹਿਲਾਵਾਂ ਨੂੰ 4500 ਰੁਪਏ ਅਤੇ ਜਨਰਲ ਕੈਟਾਗਰੀ ਦੀਆਂ ਮਹਿਲਾਵਾਂ ਨੂੰ 3000 ਰੁਪਏ ਦੇ ਕੇ ਮਤ ਭੇਦ ਨੂੰ ਫਿਰ ਤੋਂ ਲੋਕਾਂ ਦੇ ਦਿਲਾਂ ਵਿੱਚ ਜਗ੍ਹਾ ਦਿੱਤੀ ਹੈ। ਆਜ਼ਾਦ ਨੇ ਕਿਹਾ ਕਿ ਡਾ: ਭੀਮ ਰਾਉ ਅੰਬੇਡਕਰ ਜੀ ਨੇ ਮਹਿਲਾਵਾਂ ਨੂੰ ਬਰਾਬਰ ਦਾ ਹੱਕ ਦਿੱਤਾ ਸੀ ਪਰ ਅੱਜ ਦੀਆਂ ਸਰਕਾਰਾਂ ਨੇ ਫਿਰ ਜਾਤ-ਪਾਤ ਦੇ ਨਾਂ ਤੇ ਵੰਡਾਉਣ ਦੀ ਕੋਸ਼ਿਸ਼ ਕੀਤੀ ਹੈ, ਜੋ ਕਿ ਬਹੁਤ ਹੀ ਨਿੰਦਣਯੋਗ ਹੈ। ਉਹਨਾਂ ਕਿਹਾ ਕਿ ਲੋਕ ਜਾਤ-ਪਾਤ ਨੂੰ ਭੁੱਲ ਕੇ ਇਕੱਠੇ ਇੱਕ ਥਾਲੀ ਵਿੱਚ ਰੋਟੀ ਖਾਂਦੇ ਹਨ। ਪਰ ਸਰਕਾਰ ਵੱਲੋਂ ਕੀ ਸੋਚ ਕੇ ਇਸ ਤਰ੍ਹਾਂ ਦਾ ਫੈਸਲਾ ਲਿਆ ਗਿਆ ਜੋ ਕਿ ਬਹੁਤ ਹੀ ਕੋਝੀ ਰਾਜਨੀਤੀ ਹੈ । ਇਸ ਮੌਕੇ ਉਨਾਂ ਦੇ ਨਾਲ ਕੌਮੀ ਪ੍ਰਧਾਨ ਹੈਲਥ ਵਿੰਗ ਦੀਪਕ ਪਾਂਡੇ, ਪੰਜਾਬ ਚੀਫ ਪੈਟਰਨ ਲੀਗਲ ਸੈਲ ਐਡਵੋਕੇਟ ਵਿਸਾਲ ਸਰਮਾ, ਹਿਮਾਚਲ ਪ੍ਰਦੇਸ਼ ਪ੍ਰਧਾਨ ਐਡਵੋਕੇਟ ਵਿਕਰਮ ਸਰਮਾ, ਪੰਜਾਬ ਚੇਅਰਮੈਨ ਆਰ ਟੀ ਆਈ ਵਿੰਗ ਗੁਰਪ੍ਰੀਤ ਸਿੰਘ ਮੋਹਾਲੀ ਮੌਜੂਦ ਰਹੇ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਬਹੇੜਾ ਬਾੜੀ ਖੱਡ ’ਤੇ 2.03 ਕਰੋੜ ਰੁਪਏ ਦੀ ਲਾਗਤ ਨਾਲ ਬਣੇਗਾ ਹਾਈ ਲੈਵਲ ਪੁਲ-ਡਾ. ਰਵਜੋਤ ਸਿੰਘ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਦੇ ਜੇਲ੍ਹਾਂ ਅਤੇ ਐਨ.ਆਰ.ਆਈ. ਮਾਮਲਿਆਂ ਬਾਰੇ ਮੰਤਰੀ ਡਾ. ਰਵਜੋਤ ਸਿੰਘ ਨੇ ਐਲਾਨ ਕੀਤਾ ਹੈ ਕਿ ਪੰਜਾਬ ਸਰਕਾਰ ਵੱਲੋਂ ਬਹੇੜਾ ਬਾੜੀ ਖੱਡ ਉੱਤੇ 31.20 ਮੀਟਰ ਲੰਬਾ ਹਾਈ ਲੈਵਲ ਪੁਲ 2.03 ਕਰੋੜ ਰੁਪਏ ਦੀ ਲਾਗਤ ਨਾਲ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਪੁਲ ਦੇ ਨਿਰਮਾਣ ਨਾਲ ਕੰਡੀ ਖੇਤਰ ਦੇ ਹਜ਼ਾਰਾਂ ਵਸਨੀਕਾਂ ਨੂੰ ਆਵਾਜਾਈ ਵਿੱਚ ਵੱਡੀ ਰਾਹਤ ਮਿਲੇਗੀ ਅਤੇ ਇਲਾਕੇ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਪੂਰੀ ਹੋਵੇਗੀ। ਡਾ. ਰਵਜੋਤ ਸਿੰਘ ਨੇ ਦੱਸਿਆ ਕਿ ਇਸ ਪ੍ਰੋਜੈਕਟ ਨੂੰ ਸ਼ੁਰੂ ਕਰਨ ਲਈ ਸਾਰੀਆਂ ਲੋੜੀਂਦੀਆਂ ਕਾਰਵਾਈਆਂ ਅੰਤਿਮ ਪੜਾਅ ਵਿੱਚ ਹਨ। ਟੈਂਡਰ ਪ੍ਰਕਿਰਿਆ ਪਹਿਲਾਂ ਹੀ ਸ਼ੁਰੂ ਕੀਤੀ ਜਾ ਚੁੱਕੀ ਹੈ ਅਤੇ ਜਲਦ ਹੀ ਪੁੱਲ ਦਾ ਨਿਰਮਾਣ ਕਾਰਜ ਸ਼ੁਰੂ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਕੰਡੀ ਖੇਤਰ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹੈ। ਇਲਾਕੇ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦੀ ਲਗਾਤਾਰ ਨਿਗਰਾਨੀ ਕੀਤੀ ਜਾ ਰਹੀ ਹੈ ਤਾਂ ਜੋ ਲੋਕਾਂ ਨੂੰ ਆਧੁਨਿਕ ਬੁਨਿਆਦੀ ਢਾਂਚਾ ਅਤੇ ਬਿਹਤਰ ਸਹੂਲਤਾਂ



ਮੁਹੱਈਆ ਕਰਵਾਈਆਂ ਜਾ ਸਕਣ। ਮੰਤਰੀ ਨੇ ਕਿਹਾ ਕਿ ਕੁਝ ਮਹੀਨੇ ਪਹਿਲਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਾਮਚੁਰਾਸੀ ਵਿਧਾਨ ਸਭਾ ਹਲਕੇ ਦੇ ਦੌਰੇ ਦੌਰਾਨ ਕਈ ਮਹੱਤਵਪੂਰਨ ਵਿਕਾਸ ਪ੍ਰੋਜੈਕਟਾਂ ਦੇ ਨੀਂਹ ਪੱਥਰ ਰੱਖੇ ਸਨ ਅਤੇ ਉਸੇ ਲੜੀ ਤਹਿਤ ਇਹ ਹਾਈ ਲੈਵਲ ਪੁਲ ਵੀ ਇਲਾਕੇ ਦੇ ਲੋਕਾਂ ਲਈ ਇੱਕ ਵੱਡਾ ਤੋਹਫ਼ਾ ਸਾਬਤ ਹੋਵੇਗਾ। ਡਾ. ਰਵਜੋਤ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਸਰਕਾਰ ਦੀਆਂ ਮੁੱਖ ਤਰਜੀਹਾਂ ਵਿੱਚ ਸੜਕੀ ਸੰਪਰਕ ਨੂੰ ਹੋਰ ਮਜ਼ਬੂਤ ਬਣਾਉਣਾ ਸ਼ਾਮਲ ਹੈ, ਇਸੇ ਮਕਸਦ ਤਹਿਤ ਮੁੱਖ ਮੰਤਰੀ ਵੱਲੋਂ 99 ਕਰੋੜ ਰੁਪਏ ਦੀ ਲਾਗਤ ਨਾਲ 105 ਕਿਲੋਮੀਟਰ ਲੰਬੇ ਬਲਾਚੌਰ-ਗੜ੍ਹਸ਼ੰਕਰ-ਹੁਸ਼ਿਆਰਪੁਰ-ਦਸੂਹਾ ਸੜਕ ਪ੍ਰੋਜੈਕਟ ਦਾ ਨੀਂਹ ਪੱਥਰ ਵੀ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਪ੍ਰੋਜੈਕਟ ਨਾਲ ਖੇਤਰ ਵਿੱਚ ਸੈਰ-ਸਪਾਟਾ, ਉਦਯੋਗਿਕ ਅਤੇ ਵਪਾਰਕ ਗਤੀਵਿਧੀਆਂ ਨੂੰ ਹੋਰ ਹੁਲਾਰਾ ਮਿਲੇਗਾ ਅਤੇ ਲੋਕਾਂ ਨੂੰ ਬਿਹਤਰ ਆਵਾਜਾਈ ਸਹੂਲਤਾਂ ਪ੍ਰਾਪਤ ਹੋਣਗੀਆਂ।

# ਹਰ ਸ਼ੁਕਰਵਾਰ ਡੇਂਗੂ ਤੇ ਵਾਰ ਮੁਹਿੰਮ ਤਹਿਤ ਜਾਗਰੂਕਤਾ ਗਤੀਵਿਧੀਆਂ ਨੂੰ ਅੰਜਾਮ ਦਿੱਤਾ ਗਿਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸਿਵਲ ਸਰਜਨ ਹੁਸ਼ਿਆਰਪੁਰ ਡਾ. ਮਨਦੀਪ ਕਮਲ ਜੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਲਗਾਤਾਰ ਪਾਣੀ ਜਮਾ ਆਉਣ ਵਾਲੀਆਂ ਥਾਵਾਂ, ਖਾਲੀ ਪਲਾਟ , ਹਾਈ ਰਿਸਕ ਏਰੀਏ, ਅਰਬਨ ਅਤੇ ਸਲਮ ਏਰੀਆ ਵਿਖੇ ਘਰ ਘਰ ਜਾ ਕੇ ਹਰ ਸ਼ੁਕਰਵਾਰ ਡੇਂਗੂ ਤੇ ਵਾਰ ਤਹਿਤ ਜਾਗਰੂਕਤਾ ਗਤੀਵਿਧੀਆਂ ਕੀਤੀਆਂ ਗਈਆਂ। ਇਸ ਮੌਕੇ ਲੋਕਾਂ ਨੂੰ ਡੇਂਗੂ, ਮਲੇਰੀਆ ਅਤੇ ਹੋਰ ਮੱਛਰਾਂ ਨਾਲ ਫੈਲਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਸਬੰਧੀ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਇਸ ਮੌਕੇ ‘ਤੇ ਸਿਹਤ ਸਟਾਫ਼ ਅਤੇ ਨਰਸਿੰਗ ਵਿਦਿਆਰਥਣਾਂ ਵੱਲੋਂ ਲਾਰਵਾ ਚੈਕ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਾਕਟਰ ਜਗਦੀਪ ਸਿੰਘ ਜ਼ਿਲ੍ਹਾ ਐਪਰਡਮੋਲਜਿਸਟ ਨੇ ਦੱਸਿਆ ਕਿ ਡੇਂਗੂ ਫੈਲਾਉਣ ਵਾਲਾ ਮੱਛਰ ਘਰਾਂ ਵਿੱਚ ਪਏ ਅਲੱਗ ਅਲੱਗ ਕਿਸਮ ਦੇ ਕੰਟੇਨਰਾਂ ਵਿੱਚ ਜਮਾ ਸਾਫ਼ ਤੇ ਖੜ੍ਹੇ ਪਾਣੀ ਵਿੱਚ ਹੁੰਦਾ ਹੈ। ਇਸ ਲਈ ਹਰ ਵਿਅਕਤੀ ਨੂੰ ਆਪਣੇ ਘਰ, ਦਫ਼ਤਰ ਅਤੇ ਆਸ-ਪਾਸ ਸਫ਼ਾਈ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੁਰਾਣੇ ਟਾਇਰਾਂ, ਕੂਲਰਾਂ,



ਗਮਲਿਆਂ, ਡਰੰਮਾ , ਫ੍ਰਿਜ ਦੀਆਂ ਟਰੇਆਂ ਅਤੇ ਹੋਰ ਪਾਣੀ ਇਕੱਠਾ ਕਰਨ ਵਾਲੇ ਬਰਤਨਾਂ ਨੂੰ ਹਫ਼ਤੇ ਵਿੱਚ ਇੱਕ ਵਾਰ ਜ਼ਰੂਰ ਖਾਲੀ ਕਰਨਾ ਚਾਹੀਦਾ ਹੈ ਤਾਂ ਜੋ ਮੱਛਰਾਂ ਦੀ ਪੈਦਾਵਾਰ ਨੂੰ ਰੋਕਿਆ ਜਾ ਸਕੇ। ਉਨ੍ਹਾਂ ਦੱਸਿਆ ਕਿ ਡੇਂਗੂ ਦੀ ਰੋਕਥਾਮ ਅਤੇ ਕੰਟਰੋਲ ਲਈ ਸਿਹਤ ਵਿਭਾਗ ਵੱਲੋਂ ਸ਼ਹਿਰੀ ਅਤੇ ਸਲਮ ਖੇਤਰਾਂ ਵਿੱਚ ਡੋਰ-ਟੂ-ਡੋਰ ਮੱਛਰ ਲਾਰਵਾ ਚੈਕਿੰਗ ਮੁਹਿੰਮ ਚਲਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਲਈ ਵੱਖ-ਵੱਖ ਟੀਮਾਂ ਦਾ ਗਠਨ ਕੀਤਾ ਗਿਆ ਹੈ ਜੋ ਰੋਜ਼ਾਨਾ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਘਰ-ਘਰ ਜਾ ਕੇ ਮੱਛਰਾਂ ਦੇ ਲਾਰਵੇ ਦੀ ਜਾਂਚ ਕਰਦੀਆਂ ਅਤੇ ਲੋਕਾਂ ਨੂੰ ਡੇਂਗੂ ਤੋਂ ਬਚਾਅ ਲਈ ਜਾਗਰੂਕ ਕਰਦੀਆਂ ਹੈ। ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਅੱਜ ਹੁਸ਼ਿਆਰਪੁਰ ਦੇ ਸ਼ਹਿਰੀ ਖੇਤਰ ਵਿਚ ਘਰ ਘਰ ਜਾ ਕੇ ਮੱਛਰਾਂ ਦੇ ਲਾਰਵੇ ਦੀ ਜਾਂਚ ਕੀਤੀ ਗਈ। ਇਸ ਦੌਰਾਨ 1600 ਘਰਾਂ ਦਾ ਸਰਵੇ ਕੀਤਾ ਗਿਆ, ਜਿਨ੍ਹਾਂ ਵਿੱਚੋਂ 65 ਘਰਾਂ ਵਿੱਚ ਮੱਛਰਾਂ ਦਾ ਲਾਰਵਾ ਮਿਲਿਆ। ਟੀਮਾਂ ਵੱਲੋਂ ਮੌਕੇ 'ਤੇ ਹੀ ਲਾਰਵਾ ਵਾਲੇ ਭਾਂਡਿਆਂ ਵਿੱਚੋਂ ਪਾਣੀ ਖਾਲੀ ਕਰਵਾਇਆ ਗਿਆ ਅਤੇ ਜਿੱਥੇ ਲੋੜ ਸੀ ਉੱਥੇ ਲਾਰਵੀਸਾਈਡ ਦਾ ਛਿੜਕਾਅ ਕੀਤਾ ਗਿਆ। ਇਸ ਤੋਂ ਇਲਾਵਾ ਘਰਾਂ ਦੇ ਮੈਂਬਰਾਂ ਨੂੰ ਜਾਗਰੂਕ ਕਰਦੇ ਹੋਏ ਅਪੀਲ ਕੀਤੀ ਗਈ ਕਿ ਬੇਲੋੜੇ ਭਾਂਡਿਆਂ ਵਿੱਚ ਇਕੱਠਾ ਹੋਇਆ ਪਾਣੀ ਘੱਟੋ-ਘੱਟ ਹਫ਼ਤੇ ਵਿੱਚ ਇੱਕ ਵਾਰ ਜ਼ਰੂਰ ਖਾਲੀ ਕਰਕੇ ਉਨ੍ਹਾਂ ਨੂੰ ਸੁੱਕੀ ਸਤ੍ਹਾ 'ਤੇ ਚੰਗੀ ਤਰ੍ਹਾਂ ਸੁੱਕਣ ਦਿੱਤਾ ਜਾਵੇ ਤਾਂ ਜੋ ਮੱਛਰਾਂ ਦੇ ਲਾਰਵੇ ਨਸ਼ਟ ਹੋ ਸਕਣ।

# ਵਿਧਾਇਕ ਡਾ. ਇਸ਼ਾਂਕ ਕੁਮਾਰ ਪਿੰਡ-ਪਿੰਡ ਪਹੁੰਚ ਕੇ ਸੁਣ ਰਹੇ ਸਮੱਸਿਆਵਾਂ ਅਤੇ ਮੌਕੇ ਤੇ ਕਰ ਰਹੇ ਹੱਲ

**ਮਾਹਿਲਪੁਰ (ਸਤਨਾਮ ਸਿੰਘ ਸਹੂੰਗੜਾ)** ਚੱਬੇਵਾਲ ਵਿਧਾਇਕ ਡਾ. ਇਸ਼ਾਂਕ ਕੁਮਾਰ ਦੁਆਰਾ ਹਲਕੇ ਵਿੱਚ ਪਿੰਡ-ਪਿੰਡ ਜਾ ਕੇ ‘ਲੋਕ ਮਿਲਣੀ’ ਪ੍ਰੋਗਰਾਮ ਕੀਤੇ ਜਾ ਰਹੇ ਹਨ। ਬੀਤੇ ਦਿਨੀ ਉਹਨਾਂ ਨੇ ਬਿਹਾਲਾ, ਕਾਲੀਆਂ, ਨੌਨੀਤਪੁਰ, ਪੁੰਜ, ਮਾਨਾ, ਰੌੜੀਆਂ, ਤਨੂੰਲੀ, ਮੇਹਟੀਆਣਾ ਆਦਿ ਪਿੰਡਾਂ ਵਿੱਚ ਵਿਸ਼ੇਸ ‘ਲੋਕ ਮਿਲਣੀ’ ਸਮਾਗਮ ਆਯੋਜਿਤ ਕਰ ਇਲਾਕਾ ਵਾਸੀਆਂ ਤੱਕ ਪਹੁੰਚ ਕੀਤੀ। ਇਹਨਾਂ ਮੀਟੰਗਾਂ ਦੌਰਾਨ ਡਾ. ਇਸ਼ਾਂਕ ਹਲਕਾ ਵਾਸੀਆਂ ਨੂੰ ਪੰਜਾਬ ਸਰਕਾਰ ਦੀਆਂ ਲੋਕ-ਪੱਖੀ ਨੀਤੀਆਂ ਬਾਰੇ ਜਾਣੂ ਕਰਵਾ ਰਹੇ ਹਨ। ਵਿਧਾਇਕ ਇਸ ਦੌਰਾਨ ਪਿੰਡ ਵਾਸੀਆਂ ਦੀਆਂ ਔਕੜਾਂ ਵੀ ਸੁਣਦੇ ਹਨ ਅਤੇ ਉਹਨਾਂ ਦੁਆਰਾ ਲੋਕਾਂ ਨੂੰ ਭਰੋਸਾ ਦਿਵਾਇਆ ਗਿਆ, ਕਿ ਉਹਨਾਂ ਦੀਆਂ ਸਾਰੀਆਂ ਜਾਇਜ਼ ਸਮੱਸਿਆਵਾਂ ਦਾ ਜਲਦ ਹੀ ਢੁਕਵਾਂ ਨਿਪਟਾਰਾ ਯਕੀਨੀ ਬਣਾਇਆ ਜਾਵੇਗਾ। ਮੇਹਟੀਆਣਾ ਵਿਖੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਵਿਧਾਇਕ ਡਾ. ਇਸ਼ਾਂਕ ਨੇ ਕਿਹਾ ਕਿ ਆਪ ਸਰਕਾਰ ਦੁਆਰਾ ਮੁੱਖ ਮੰਤਰੀ ਭਗਵੰਤ ਮਾਨ ਦੀ ਅਗੁਵਾਈ ਹੇਠ ਸ਼ੁਰੂ ਕੀਤੀਆਂ ਗਈਆਂ ਲੋਕ ਮਿਲਣੀਆਂ ਦਾ ਮੁੱਖ ਉਦੇਸ਼ ਹੈ, ਕਿ ਤੁਹਾਡੀਆਂ ਉਮੀਦਾਂ, ਤੁਹਾਡੀਆਂ ਦਿੱਕਤਾਂ ਅਤੇ ਪਿੰਡਾਂ ਦੇ ਵਿਕਾਸ ਕਾਰਜਾਂ ਦੀ ਜਾਣਕਾਰੀ ਸਿੱਧੇ ਤੁਹਾਡੇ ਤੋਂ ਲੈ ਕੇ ਅਸੀ ਨਾਗਰਿਕਾਂ ਸੇਵਾਵਾਂ ਨੂੰ ਹੋਰ ਬਿਹਤਰ ਬਣਾ ਸਕੀਏ। ਇਹ ਲੋਕ ਮਿਲਣੀਆਂ ਆਮ ਲੋਕਾਂ ਦੇ ਮਸਲਿਆਂ ਦੇ ਹੱਲ ਕੱਢਣ ਲਈ ਬੇਹੱਦ ਪ੍ਰਭਾਵਸ਼ਾਲੀ ਜ਼ਰੀਆ ਬਣ ਕੇ ਸਾਹਮਣੇ ਆ ਰਹੀਆਂ ਹਨ। ਡਾ. ਇਸ਼ਾਂਕ ਨੇ ਲੋਕਾਂ ਨੂੰ ਦੱਸਿਆ ਕਿ ਪੰਜਾਬ ਸਰਕਾਰ ਸਮਾਜ ਦੇ ਹਰ ਵਰਗ ਦੀ ਭਲਾਈ ਲਈ ਕੰਮ ਕਰ ਰਹੀ ਹੈ। ਇਸ ਕੜੀ ਤਹਿਤ ਮੇਰੀ ਰਸੋਈ ਯੋਜਨਾ, ਮਾਵਾਂ-ਧੀਆਂ ਸਤਿਕਾਰ ਯੋਜਨਾ, ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਆਦਿ ਸ਼ੁਰੂ ਕੀਤੀਆਂ ਗਈਆਂ ਹਨ। ਪਿੰਡ ਵਾਸੀਆਂ ਨੇ ਵਿਧਾਇਕ ਦਾ ਦਿਲ



ਨਾਲ ਧੰਨਵਾਦ ਕੀਤਾ ਅਤੇ ਕਿਹਾ ਕਿ ਇਹਨਾਂ ਯੋਜਨਾਵਾਂ ਨਾਲ ਆਮ ਜਨਤਾ ਨੂੰ ਬਹੁਤ ਫਾਇਦਾ ਪੰਹੁਚਿਆ ਹੈ ਅਤੇ ਖਾਸ ਤੌਰ ‘ਤੇ ਮਹਿਲਾਵਾਂ ਵਿੱਚ ਖੁਸ਼ੀ ਦੀ ਲਹਿਰ ਹੈ। ਇਸ ਮੌਕੇ ‘ਤੇ ਮੇਹਟੀਆਣਾ ਸਪਰੰਚ ਕਰਸ਼ਮੀਰ ਸਿੰਘ, ਪਰਮਿੰਦਰ ਸਿੰਘ ਪੱਪੂ ਜੀ, ਸੰਦੀਪ ਬੈਂਸ, ਪੱਪੂ ਜੀ, ਅਰੁਣ, ਧਰਮਿੰਦਰ, ਜੱਗੀ, ਸੰਜੀਵ, ਰੌੜੀਆਂ ਸਰਪੰਚ ਅਮਨਦੀਪ ਕੌਰ, ਜਰਨੈਲ ਕੌਰ, ਮਾਨਾ ਸਰਪੰਚ ਅਨੂ ਬਾਲਾ, ਹੈਪੀ, ਦੇਵ, ਗੋਪੀ, ਜਸਵੀਰ, ਲਖਵਿੰਦਰ, ਰਾਣੀ, ਸਤਨਾਮ, ਜਗਤਾਰ, ਕਾਲੀਆਂ ਸਰਪੰਚ ਮਨਜੀਤ ਕੌਰ,ਸੁਮਨਦੀਪ ਕੌਰ ਕੋ-ਆਡੀਨੇਟਰ ਮਹਿਲਾਂ ਵਿੰਗ, ਬਹਾਦਰ ਸਿੰਘ, ਸਰਪੰਚ ਬਿਹਾਲਾ ਨਵਦੀਪ ਕੌਰ, ਚਰੰਜੀ ਲਾਲ, ਗੁਰਪ੍ਰੀਤ, ਜਗਵਿੰਦਰ ਸਿੰਘ, ਚਮਨ ਲਾਲ, ਮਾਸਟਰ ਜੀ, ਰਣਬੀਰ, ਸੁਰਿੰਦਰ, ਤਨੂੰਲੀ ਸਰਪੰਚ ਕ੍ਰਿਸ਼ਨ ਕੁਮਾਰ ਆਦਿ ਹਾਜ਼ਰ ਸਨ।

## ਰਹਿਬਰਾਂ ਦੇ ਮਿਸ਼ਨ ਤੇ ਸੈਂਕੜੇ ਕ੍ਰਾਂਤੀਕਾਰੀ ਗੀਤ ਲਿਖਣ ਵਾਲੇ ਅਸ਼ੋਕ ਸੂੰਢ ਦਾ 17 ਜੁਲਾਈ 2026 ਨੂੰ ਸਨਮਾਨ ਕੀਤਾ ਜਾਵੇਗਾ : ਰਾਜ ਦਦਰਾਲ




**ਸੁਰ-ਸੰਗੀਤ ਸੰਸਥਾ ਦੋਆਬਾ ਬੰਗਾ(ਪੰਜਾਬ)ਵੱਲੋਂ ਲੰਮੇ ਸਮੇਂ ਤੋਂ ਰਹਿਬਰਾਂ ਦੇ ਮਿਸ਼ਨ ਤੇ ਸੈਂਕੜੇ ਕ੍ਰਾਂਤੀਕਾਰੀ ਗੀਤ ਲਿਖਣ ਵਾਲੇ ਪ੍ਰਸਿੱਧ ਮਿਸ਼ਨਰੀ ਗੀਤਕਾਰ ਅਸ਼ੋਕ ਸੂੰਢ ਜੀ ਦਾ 17 ਜੁਲਾਈ 2026 ਦਿਨ ਸ਼ੁੱਕਰਵਾਰ ਨੂੰ ਸ਼ਾਮ 5.00 ਵਜੇ "ਕਲਮ ਦੇ ਧਨੀ "ਪੁਰਸਕਾਰ ਨਾਲ ਡਿੰਪੀ ਰੈਸਟੋਰੈਂਟ ਬੰਗਾ ਵਿਖੇ ਸਨਮਾਨ ਕੀਤਾ ਜਾਵੇਗਾ।**




**ਕੈਨੇਡਾ (ਹਰਜਿੰਦਰ ਪਾਲ ਛਾਬੜਾ)** ਨੈਸ਼ਨਲ ਕਬੱਡੀ ਐਸੋਸੀਏਸ਼ਨ ਆਫ ਅੰਟੈਰੀਓ ਦੇ ਬੈਨਰ ਹੇਠ ਦੂਜਾ ਸ਼ਾਨਦਾਰ ਟੂਰਨਾਮੈਂਟ ਮੈਪਲ ਲੀਫ ਕਬੱਡੀ ਕਲੱਬ ਵਲੋਂ ਸੀ ਏ ਏ ਸੈਂਟਰ ਦੀਆਂ ਗਰਾਉਂਡਾਂ ਵਿੱਚ 12 ਜੁਲਾਈ ਦਿਨ ਫਰੀ ਐਤਵਾਰ ਨੂੰ ਕਰਵਾਇਆ ਜਾ ਰਿਹਾ, ਠੀਕ 1130 ਵਜੇ ਮੈਚ ਸ਼ੁਰੂ ਹੋ ਜਾਣਗੇ, ਜਿਸ ਵਿੱਚ ਚੋਟੀ ਦੀਆਂ ਛੇ ਟੀਮਾਂ ਭਾਗ ਲੈਣਗੀਆਂ , ਚੜਦੇ ਤੇ ਲਹਿੰਦੇ ਪੰਜਾਬ ਦੇ ਚੋਟੀ ਦੇ ਕਬੱਡੀ ਪਲੇਅਰ ਕਬੱਡੀਆਂ ਪਾਉਣਗੇ, ਟੂਰਨਾਮੈਂਟ ਬਿਲਕੁਲ ਹੋਵੇਗਾ, ਵਧੇਰੇ ਜਾਣਕਾਰੀ ਲਈ ਕਾਲ ।

# ਸੇਵਾਮੁਕਤ ਕਰਮਚਾਰੀ ਯੂਨੀਅਨ ਵਲੋਂ ਹੱਕੀ ਮੰਗਾਂ ਸੰਬੰਧੀ 11 ਜੁਲਾਈ ਨੂੰ ਹੋਵੇਗਾ ਵਿਧਾਇਕ ਜਿੰਪਾ ਦੇ ਘਰ ਵੱਲ ਰੋਸ ਮਾਰਚ - ਯੂਨੀਅਨ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸੇਵਾ ਮੁਕਤ ਕਰਮਚਾਰੀ ਯੂਨੀਅਨ ਦੀ ਮਹੀਨਾਵਾਰ ਮੀਟਿੰਗ ਨਗਰ ਨਿਗਮ ਹੁਸ਼ਿਆਰਪੁਰ ਦੇ ਮੀਟਿੰਗ ਹਾਲ ਵਿਚ ਲਾਲ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿਚ ਵੱਧ ਚੜ ਕੇ ਸੇਵਾ ਮੁਕਤ ਕਰਮਚਾਰੀਆਂ ਨੇ ਹਿੱਸਾ ਲਿਆ। ਸੰਜੀਵ ਅਰੋੜਾ ਸ੍ਰਪਰਸਤ ਵਲੋਂ ਸਟੇਜ ਦੀ ਕਾਰਵਾਈ ਕਰਦਿਆਂ ਵੱਖ ਵੱਖ ਬੁਲਾਰਿਆ ਨੂੰ ਬੋਲਣ ਦਾ ਮੌਕਾ ਦਿੱਤਾ, ਜਿਸ ਵਿਚ ਕੇਵਲ ਲਾਲ ਹੀਰ ਵਲੋਂ ਸਰਕਾਰ ਦੀਆਂ ਨੀਤੀਆਂ ਵਿਰੁੱਧ ਚਿੰਤਾ ਵਿਅਕਤ ਕੀਤੀ ਗਈ। ਵਾਈਸ ਪ੍ਰਧਾਨ ਜੋਗਿੰਦਪਾਲ ਆਦੀਆਂ ਵਲੋਂ ਹਰ ਕੰਮ ਨੂੰ ਦਫਤਰ ਵਲੋਂ ਲੇਟ ਕਰਨ ਦੀ ਨਿਖੇਧੀ ਕੀਤੀ ਗਈ। ਕੁਲਵੰਤ ਸਿੰਘ ਸੈਣੀ ਚੇਅਰਮੈਨ ਵਲੋਂ ਆਪਣੇ ਭਾਸ਼ਣ ਵਿਚ ਸਰਕਾਰ ਦੀ ਪੁਰਜੋਰ ਨਿਖੇਧੀ ਕਰਦੇ ਹੋਏ ਕਿਹਾ ਕਿ ਸਰਕਾਰ ਕੱਚੇ ਮੁਲਾਜਮ ਪੱਕੇ ਕਰਨੇ, ਡੀ.ਏ ਦੇਣਾ, ਨਵਾਂ ਸਕੇਲ ਦੇਣਾ, ਮੁੱਦਿਆ ਕਰਕੇ ਬਣੀ ਸੀ, ਬਣਦੇ ਸਾਰ ਹੀ ਇਹ ਆਪਣੇ ਰਾਹ ਤੋਂ ਭਟਕ ਗਈ ਹੈ, ਇਹ ਸਰਕਾਰ ਨੇ ਕਿਸੇ ਦਾ ਵੀ ਕੋਈ ਕੰਮ ਨਹੀਂ ਕੀਤਾ, ਜਦੋਂ ਸਰਕਾਰ ਨੂੰ ਯੂਨੀਅਨਾਂ ਮੰਗ ਪੱਤਰ ਦਿੰਦੀਆਂ ਹਨ ਉੱਥੇ ਮੀਟਿੰਗ ਕਰਨ ਲਈ ਕਿਸੇ ਕੋਲ ਕੋਈ ਸਮਾਂ ਨਹੀਂ। ਜਿੱਥੇ ਆਮ ਲੋਕਾਂ ਨੂੰ ਸਹੂਲਤਾਂ ਦੇ ਰਹੀ ਹੈ ਉੱਥੇ ਮੁਲ-ਾਜਮ ਵਰਗ ਨੂੰ ਅਣਦੇਖਾ ਕੀਤਾ ਜਾ ਰਿਹਾ ਹੈ। ਦੂਜੇ ਪਾਸੇ ਇਹ ਸਰਕਾਰ ਲੋਕਾਂ ਨੂੰ ਮੰਗਤੇ ਬਣਾਉਂਦੇ ਹੋਏ ਉਹਨਾਂ ਨੂੰ ਸਹੂਲਤਾਂ ਦੇ ਕੇ ਮੰਗਤੇ ਬਣਾ ਰਹੇ ਹਨ ਕਿਸੇ ਸਰਕਾਰ ਨੇ ਵੀ ਜੇਕਰ ਕੋਈ ਸਹੂਲਤ ਦੇਣੀ ਹੈ ਤਾਂ ਉਹ ਆਪਣੀ ਪਾਰਟੀ ਫੰਡ ਵਿਚੋਂ ਦੇਵੇ। ਹਜਾਰਾ ਦਾ ਕਰਜਾ ਲੈ ਕੇ ਲੋਕਾਂ ਨੂੰ ਸਹੂਲਤਾਂ ਦੇਣੀਆਂ ਕਿਹੜੀ ਅਕਲ ਦੀ ਗੱਲ ਹੈ। ਜੋ ਲੋਕ ਟੈਕਸ ਦਿੰਦੇ ਹਨ ਉਹਨਾਂ ਦੇ ਪੈਸੇ ਆਮ ਲੋਕਾਂ ਨੂੰ ਦੇ ਕੇ ਜਿੱਥੇ ਪੰਜਾਬ ਨੂੰ ਡੁਬੋ ਰਹੇ ਹਨ, ਉੱਥੇ ਲੋਕਾਂ ਨੂੰ ਵੀ ਨਿਕੰਮੇ ਕਰ ਰਹੇ ਹਨ। ਸਾਂਝਾ ਫਰੰਟ ਪੰਜਾਬ ਵਲੋਂ ਸਾਰੇ ਜਿਲਿਆ ਵਿਚ ਵੱਖ ਵੱਖ ਰੈਲੀ ਅਤੇ ਐਮ.ਐਲ.ਏ ਦੇ ਘਿਰਾਓ ਦੀ ਤਰੀਖਾ ਰੱਖੀਆ ਹਨ। ਜਿਸ ਵਿਚ ਹੁਸ਼ਿਆਰਪੁਰ 11 ਜੁਲਾਈ ਨੂੰ ਸੈਣੀ ਭਵਨ ਨੇੜੇ ਗੰਜਾ ਸਕੂਲ ਬਹਾਦਰਪੁਰ ਰੈਲੀ ਕਰਨ ਉਪਰੰਤ ਜਲੂਸ ਦੇ ਰੂਪ ਵਿਚ ਵਿਧਾਇਕ ਜਿੰਪਾ ਦੇ ਘਰ ਨੂੰ ਜਾਣਗੇ। ਸਾਂਝਾ ਫਰੰਟ ਦੇ ਸਾਰੇ ਮੁਲਾਜਮ ਸਾਥੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ, ਕਿ 11 ਜੁਲਾਈ ਨੂੰ ਸਮਾਂ 10:30 ਵਜੇ ਸੈਣੀ ਭਵਨ ਨੇੜੇ ਗੰਜਾ ਸਕੂਲ ਬਹਾਦਰਪੁਰ ਵਿਖੇ ਪਹੁੰਚੋ ਅਤੇ ਰੈਲੀ ਕਾਮਯਾਬ ਬਣਾਓ। ਇਸ ਮੀਟਿੰਗ ਵਿਚ ਦਸ਼ਰਤ ਲਾਲ, ਅਸ਼ੋਕ ਕੁਮਾਰ, ਰਾਮ ਕੁਮਾਰ, ਨਰੇਸ਼ ਕੁਮਾਰ ਡਰਾਈਵਰ, ਹਰੀਸ਼ ਕੁਮਾਰ ਜੇ.ਈ, ਸੰਜੀਵ ਕੁਮਾਰ, ਸੁਰਿੰਦਰ ਕੁਮਾਰ ਸੈਨਟਰੀ ਇੰਸਪੈਕਟਰ, ਅਸ਼ਵਨੀ ਸ਼ਰਮਾ ਐਸ.ਡੀ.ਓ, ਵਿਨੋਦ ਕੁਮਾਰ ਐਸ.ਐਫ.ਓ, ਦਰਸ਼ਨ ਸਿੰਘ, ਰਮੇਸ਼ ਕੁਮਾਰ ਫਾਇਰਮੈਨ, ਸੰਜੀਵ ਕੁਮਾਰ ਸੈਨਟਰੀ ਇੰਸਪੈਕਟਰ, ਬਲਵਿੰਦਰ ਸਿੰਘ, ਸੁਰਜੀਤ ਸਿੰਘ, ਸੁਰਜੀਤ ਲਾਲ, ਨਛੱਤਰ ਲਾਲ, ਮੋਹਨ ਸਿੰਘ, ਨਰੇਸ਼ ਕੁਮਾਰ, ਵਿਜੇ ਕੁਮਾਰ, ਹਰਜਿੰਦਰ ਸਿੰਘ, ਸੀਤਾ ਰਾਮ, ਮਦਨ ਲਾਲ, ਸੰਸਾਰ ਸਿੰਘ, ਤਰਲੋਚਨ ਸਿੰਘ, ਮੰਗਤ ਰਾਮ, ਸੁਰਜੀਤ ਬਹਿਲ, ਸੁਰਿੰਦਰ ਕੁਮਾਰ, ਰਾਮ ਕੁਮਾਰ ਡਰਾਈਵਰ, ਅਸ਼ਵਨੀ ਸ਼ਰਮਾ ਜੇ.ਈ ਆਦਿ ਸ਼ਾਮਿਲ ਸਨ।

# "ਇਲਾਹੀ ਗਿਆਨ ਦਾ ਸਾਗਰ ਆਦਿ ਗੁਰੂ ਗ੍ਰੰਥ ਸਾਹਿਬ" ਪੁਸਤਕ ਸਵਪਨ ਸ਼ਰਮਾ ਕਮਿਸ਼ਨਰ ਪੁਲਿਸ ਨੂੰ ਬਾਵਾ ਅਤੇ ਦਾਖਾ ਨੇ ਭੇਂਟ ਕੀਤੀ



**ਲੁਧਿਆਣਾ (ਸਤਨਾਮ ਸਿੰਘ ਸਹੂੰਗੜਾ)** "ਇਲਾਹੀ ਗਿਆਨ ਦਾ ਸਾਗਰ, ਆਦਿ ਗੁਰੂ ਗ੍ਰੰਥ ਸਾਹਿਬ" ਪੁਸਤਕ ਸਵਪਨ ਸ਼ਰਮਾ ਕਮਿਸ਼ਨਰ ਪੁਲਿਸ ਲੁਧਿਆਣਾ ਨੂੰ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ, ਫਾਊਂਡੇਸ਼ਨ ਦੇ ਸਰਪ੍ਰਸਤ ਮਲਕੀਤ ਸਿੰਘ ਦਾਖਾ ਨੇ ਸਤਿਕਾਰ ਸਹਿਤ ਭੇਂਟ ਕੀਤੀ। ਇਸ ਸਮੇਂ ਸਵਪਨ ਸ਼ਰਮਾ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸਾਂਝੀਵਾਲਤਾ ਦਾ ਸੰਦੇਸ਼ ਦਿੰਦੀ ਹੈ। ਉਹਨਾਂ ਕਿਹਾ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਪੰਜਵੇਂ ਪਾਤਸ਼ਾਹ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਭ ਵਰਗਾਂ ਦੇ ਮਹਾਨ ਸੰਤ ਮਹਾਂਪੁਰਸ਼ਾਂ ਦੀ ਬਾਣੀ ਅੰਕਿਤ ਕਰਕੇ ਸਮੁੱਚੀ ਮਨੁੱਖਤਾ ਨੂੰ ਇੱਕ ਲੜੀ ਵਿੱਚ ਪਰੋ ਕੇ ਜ਼ਿੰਦਗੀ ਜਿਉਣ ਦਾ ਰਸਤਾ ਦਿਖਾਇਆ ਹੈ। ਇਸ ਸਮੇਂ ਸ਼੍ਰੀ ਬਾਵਾ ਨੇ ਕਿਹਾ ਕਿ ਉਪਰੋਕਤ ਪੁਸਤਕ ਵਿੱਚ 6 ਗੁਰੂ, 15 ਭਗਤ, 11 ਭੱਟ ਅਤੇ 4 ਗੁਰਸਿੱਖਾਂ ਦੀ ਬਾਣੀ ਸੁਸ਼ੋਭਿਤ ਹੈ। ਇਹ ਪੁਸਤਕ ਅਮਰੀਕਾ ਦੇ 11 ਗੁਰਦੁਆਰਾ ਸਾਹਿਬ ਵਿੱਚ ਰਿਲੀਜ਼ ਹੋ ਚੁੱਕੀ ਹੈ। ਇਸ ਪੁਸਤਕ ਨੂੰ ਮਹਾਨ ਵਿਦਵਾਨ ਅਨੁਰਾਗ ਸਿੰਘ ਅਤੇ ਪ੍ਰਸਿੱਧ ਆਰਟਿਸਟ ਆਰ.ਐਮ ਸਿੰਘ ਦੇ ਤਿਆਰ ਕੀਤੇ ਚਿੱਤਰਾਂ ਨਾਲ ਤਿਆਰ ਕੀਤਾ ਗਿਆ ਹੈ ਜਿਨਾਂ ਨੇ ਭਾਰਤ ਦੇ ਚਾਰ ਰਾਸ਼ਟਰਪਤੀਆਂ ਦੇ ਪੋਟ੍ਰੇਟ ਬਣਾਏ ਹਨ। ਇਹ ਪੁਸਤਕ ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾ ਵਿੱਚ ਹੈ।

# ਮਾਂ ਤੇ ਧੀ ਦੇ ਪਿਆਰ ਨੂੰ ਬਿਆਨ ਕਰਦਾ ਗੀਤ ਮੇਰੀ ਮਾਂ ਹੋਇਆ ਰਿਲੀਜ

## ਸੀਟੂ ਬਾਈ ਦੀ ਨਿਰਦੇਸ਼ਨਾਂ ਹੇਠ ਤਿਆਰ ਕੀਤੀ ਗਈ ਵੀਡੀਓ

**ਫਗਵਾੜਾ 10 ਜੁਲਾਈ ( ਚਰਨਜੀਤ ਸੱਲ੍ਹਾ )** ਮਾਂ ਅਤੇ ਧੀ ਦੇ ਮਜ਼ਬੂਤ ਤੇ ਪਿਆਰੇ ਜਹੇ ਰਿਸ਼ਤੇ ਨੂੰ ਬਿਆਨ ਕਰਦਾ ਅਤੇ ਮਾਂ ਦੇ ਵਿਛੋੜੇ ਤੇ ਧੀ ਦੇ ਹਰ ਪਲ ਰਹਿੰਦੇ ਉਦਾਸ ਮਨ ਦੀ ਦਾਸਤਾਨ ਬਿਆਨ ਕਰਦਾ ਪੰਜਾਬੀ ਗੀਤ ਮੇਰੀ ਮਾਂ ਗਾਇਕਾ ਸੋਨਾਮੀਕਾ ਦੀ ਅਵਾਜ਼ ਵਿੱਚ ਰਿੰਗ ਰਿਕਾਰਡਸ ਵਾਇਬ ਮਿਊਜਿਕ ਕੰਪਨੀ ਦੇ ਵਲੋਂ ਬਬੀਤਾ ਦੇਵੀ ਦੀ ਪੇਸ਼ਕਸ਼ ਹੇਠ ਵਰਲਡ ਵਾਈਡ ਸੋਸ਼ਲ ਸਾਈਟਾਂ ਤੇ ਰਿਲੀਜ ਕੀਤਾ ਗਿਆ ਹੈ। ਇਸ ਗੀਤ ਦੇ ਭਾਵੁਕ ਕਰ ਰਹੇ ਬੋਲੋ ਨੂੰ ਸੀਟੂ ਬਾਈ ਨੇ ਕਲਮਬੱਧ ਕੀਤਾ ਹੈ ਤੇ ਉਨ੍ਹਾਂ ਵਲੋਂ ਹੀ ਭਾਗ ਫਿਲਮ ਪ੍ਰੋਡਕਸ਼ਨ ਦੀ ਟੀਮ ਦੇ ਸਹਿਯੋਗ ਨਾਲ ਇਸ ਗੀਤ ਦਾ ਵੀਡੀਓ ਫਿਲਮਾਂਕਣ ਕੀਤਾ ਗਿਆ ਹੈ। ਮੇਰੀ ਮਾਂ ਗੀਤ ਦੇ ਲੇਖਕ ਅਤੇ ਨਿਰਦੇਸ਼ਕ ਸੀਟੂ ਬਾਈ ਨੇ ਦੱਸਿਆ ਕਿ ਮੇਰੀ ਮਾਂ ਗੀਤ ਨੂੰ ਗਾਇਕਾ ਸੋਨਾਮੀਕਾ ਨੇ ਬਹੁਤ ਹੀ ਮਿੱਠੀ ਤੇ ਸੁਰੀਲੀ



ਆਵਾਜ ਵਿੱਚ ਗਾਇਆ ਹੈ। ਇਸ ਦਾ ਸੰਗੀਤ ਡੀ ਗੇਮ ਨੇ ਤਿਆਰ ਕੀਤਾ ਹੈ। ਪੇਸ਼ਕਾਰ ਬਬੀਤਾ ਦੇਵੀ ਨੇ ਇਸ ਗੀਤ ਨੂੰ ਆਪਣੇ ਮਾਤਾ ਜੀ ਸ੍ਰੀਮਤੀ ਸੁਸ਼ੀਲਾ ਦੇਵੀ ਨੂੰ ਸਮਰਪਿਤ ਕੀਤਾ ਹੈ। ਮਾਂ ਦੇ ਇਸ ਜਹਾਨ ਤੋਂ ਤੁਰ ਜਾਣ ਮਗਰੋਂ ਧੀ ਦਾ ਹਰ ਪਲ ਆਪਣੀ ਮਾਂ ਦੀ ਯਾਦ ਵਿੱਚ ਨਿਕਲਦਾ ਹੈ ਤੇ ਧੀ ਮਾਂ ਵਲੋਂ ਮਿਲੇ ਪਿਆਰ ਤੇ ਚੰਗੇ ਸੰਸਕਾਰਾਂ ਨੂੰ ਹਰ ਵੇਲੇ ਯਾਦ ਕਰਦੀ ਹੈ ਅਜਿਹਾ ਹੀ ਇਸ ਗੀਤ ਦੀ ਵੀਡੀਓ ਵਿੱਚ ਦਿਖਾਇਆ ਗਿਆ ਹੈ। ਮੇਰੀ ਮਾਂ ਗੀਤ ਦੀ ਵੀਡੀਓ ਵਿੱਚ ਅਵੀਲਾਸ਼ਾ ਬਾਲੀ, ਯੂਨੀਕ ਮੁਸਕਾਨ ਅਤੇ ਸਲਵਿੰਦਰ ਸਿੰਘ ਜੱਸੀ ਨੇ ਮੁੱਖ ਭੂਮਿਕਾ ਨਿਭਾਈ ਹੈ। ਇਸ ਗੀਤ ਦਾ ਪੋਸਟਰ ਨਿਰਦੇਸ਼ਕ ਸੀਟੂ ਬਾਈ, ਸਲਵਿੰਦਰ ਸਿੰਘ ਜੱਸੀ ਰਿਟਾਇਰਡ ਸੁਪਰਡੈਂਟ ਸਿੱਖਿਆ ਵਿਭਾਗ ਅਤੇ ਸੁਖਦੇਵ ਰਾਜ ਰਿਟਾਇਰਡ ਸਬ ਇੰਸਪੈਕਟਰ ਪੰਜਾਬ ਪੁਲਸ ਵਲੋਂ ਸਾਂਝੇ ਤੌਰ ਤੇ ਭਾਗ ਫਿਲਮ ਪ੍ਰੋਡਕਸ਼ਨ ਦੇ ਦਫਤਰ ਵਿੱਚ ਰਿਲੀਜ਼ ਕੀਤਾ ਗਿਆ। ਇਸ ਗੀਤ ਨੂੰ ਸਰੋਤਿਆਂ ਵਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ।

# ਬੀ.ਐਲ. ਓ ਨਾਲ ਦੁਰਵਿਹਾਰ ਕਰਨ ਵਾਲਿਆਂ ਨੇ ਮਾਫੀ ਮੰਗ ਕੇ ਗਲਤੀ ਦਾ ਅਹਿਸਾਸ ਕੀਤਾ

**ਕਪੂਰਥਲਾ, 10 ਜੁਲਾਈ ( ਵਿਸੇਸ ਪ੍ਰਤੀਨਿਧ )–** ਚੋਣ ਕਮਿਸ਼ਨ ਵੱਲੋਂ ਚੱਲ ਰਹੇ ਐਸ ਆਈ ਆਰ ਦੇ ਕੰਮ ਵਿੱਚ ਜਿੱਥੇ ਪੂਰੀ ਸ਼ਿੱਦਤ ਤੇ ਮਿਹਨਤ ਨਾਲ ਬੀ ਐਲ ਓ ਕੰਮ ਕਰ ਰਹੇ ਹਨ। ਉਥੇ ਹੀ ਬੀਤੀ ਕੱਲ ਬੂਥ ਨੰਬਰ 68 ਤਲਵੰਡੀ ਚੌਧਰੀਆਂ ਦੇ ਬੀ.ਐਲ. ਓ.ਸਰਬਜੀਤ ਸਿੰਘ ਨਾਲ ਲਖਬੀਰ ਸਿੰਘ ਪੁੱਤਰ ਮਹਿੰਦਰ ਸਿੰਘ ਤੇ ਗੁਰਸੇਵਕ ਸਿੰਘ ਪੁੱਤਰ ਸੁਖਦੇਵ ਸਿੰਘ ਦੇ ਪਰਿਵਾਰ ਵੱਲੋਂ ਦੁਰਵਿਹਾਰ ਕੀਤਾ ਗਿਆ। ਇਸਦੇ ਨਾਲ ਹੀ ਆਪਣਾ ਪਾਲਤੂ ਕੁੱਤਾ ਬੀ ਐਲ ਓ ਸਰਬਜੀਤ ਦੇ ਮਗਰ ਛੱਡਿਆ ਗਿਆ। ਇਸ ਸਾਰੀ ਘਟਨਾ ਦੀ ਜਿੱਥੇ ਅਧਿਆਪਕ ਜਥੇਬੰਦੀ ਗੋਰਮਿੰਟ ਟੀਚਰਜ਼ ਯੂਨੀਅਨ ਕਪੂਰਥਲਾ ਨੇ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਉੱਥੇ ਹੀ ਜਸਜੀਤ ਸਿੰਘ ਐਸ ਡੀ ਐਮ ਸੁਲਤਾਨਪੁਰ ਲੋਧੀ ਕੋਲੋਂ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ। ਜਿਸ ਦੇ ਤਹਿਤ ਐਸ. ਡੀ.ਐਮ ਸੁਲਤਾਨਪੁਰ ਲੋਧੀ ਸ੍ਰੀ ਜਸਜੀਤ ਸਿੰਘ ਵਲੋਂ ਡੀ ਐਸ ਪੀ ਸੁਲਤਾਨਪੁਰ ਲੋਧੀ ਨੂੰ ਦੋਸ਼ੀਆਂ ਵਿਰੁੱਧ ਕਾਰਵਾਈ ਕਰਨ ਲਈ ਨਿਰਦੇਸ਼ ਦਿੱਤੇ। ਇਸ ਉਪਰੰਤ

ਥਾਣਾ ਤਲਵੰਡੀ ਚੌਧਰੀਆਂ ਦੇ ਐਸ.ਐਚ.ਓ. ਮੈਡਮ ਸੋਨਮਪ੍ਰੀਤ ਕੌਰ ਨੇ ਲਖਬੀਰ ਸਿੰਘ ਪੁੱਤਰ ਮਹਿੰਦਰ ਸਿੰਘ ਅਤੇ ਗੁਰਸੇਵਕ ਸਿੰਘ ਪੁੱਤਰ ਸੁਖਦੇਵ ਸਿੰਘ ਨੂੰ ਗੌਰਮੈਂਟ ਟੀਚਰ ਯੂਨੀਅਨ ਦੇ ਸੂਬਾਈ ਆਗੂ ਰਸ਼ਪਾਲ ਸਿੰਘ ਵੜੈਚ ਤੇ ਸਮੂਹ ਅਧਿਆਪਕ ਜਥੇਬੰਦੀ ਦੇ ਆਗੂਆਂ ਤੇ ਵੱਖ-ਵੱਖ ਪਿੰਡਾਂ ਦੀਆਂ ਪੰਚਾਇਤਾਂ ਤੇ ਸਰਪੰਚਾਂ ਦੀ ਹਾਜ਼ਰੀ ਵਿੱਚ ਥਾਣੇ ਵਿੱਚ ਬੁਲਾਇਆ ਗਿਆ। ਜਿਸ ਦੌਰਾਨ ਲਖਬੀਰ ਸਿੰਘ ਤੇ ਸੁਖਦੇਵ ਸਿੰਘ ਨਿਵਾਸੀ ਤਲਵੰਡੀ ਚੌਧਰੀਆਂ ਨੇ ਪੁਲਿਸ ਦੇ ਵੱਖ-ਵੱਖ ਪਿੰਡਾਂ ਦੀਆਂ ਪੰਚਾਇਤਾਂ ਅਤੇ ਇਲ-ਾਕੇ ਦੇ ਜਿੰਮੇਵਾਰ ਆਗੂਆਂ ਦੀ



**ਬੀ.ਐਲ. ਓ ਸਰਬਜੀਤ ਸਿੰਘ ਨਾਲ ਦੁਰਵਿਹਾਰ ਕਰਨ ਦੇ ਮਾਮਲੇ ਨੂੰ ਲੈ ਕੇ ਥਾਣਾ ਤਲਵੰਡੀ ਚੌਧਰੀਆਂ ਵਿਚ ਇਕੱਠ ਦੌਰਾਨ ਅਧਿਆਪਕ ਜਥੇਬੰਦੀ ਜੀ ਟੀ ਯੂ ਦੇ ਸੂਬਾਈ ਆਗੂ ਰਸਪਾਲ ਸਿੰਘ ਵੜੈਚ, ਅਧਿਆਪਕ ਦਲ ਦੇ ਮੀਤ ਪ੍ਰਧਾਨ ਭਜਨ ਸਿੰਘ ਮਾਨ ਤੇ ਵੱਖ-ਵੱਖ ਪਿੰਡਾਂ ਦੀਆਂ ਪੰਚਾਇਤਾਂ ਦੇ ਸਰਪੰਚ ਤੇ ਪੰਚ ਤੇ ਹੋਰ।**

ਹਾਜ਼ਰੀ ਵਿੱਚ ਆਪਣੀ ਗਲਤੀ ਮੰਨਦੇ ਹੋਏ ਮਾਫੀ ਮੰਗੀ ਤੇ ਭਵਿੱਖ ਵਿੱਚ ਅਜਿਹਾ ਨਾ ਕਰਨ ਦਾ ਇਕਰਾਰਨਮਾ ਵੀ ਕੀਤਾ ਨਾਲ ਦੇ ਨਾਲ ਐਸ ਆਈ.ਆਰ ਦੇ ਕੰਮ ਵਿੱਚ ਬੀਐਲ ਓ ਸਰਬਜੀਤ ਸਿੰਘ ਨੂੰ ਪੂਰਨ ਸਹਿਯੋਗ ਦੇਣ ਗੱਲ ਮੰਨੀ। ਜਿਸ ਤੇ ਬੀ.ਐਲ.ਓ. ਸਰਬਜੀਤ ਸਿੰਘ ਵੱਲੋਂ ਦੋਸ਼ੀਆਂ ਖਿਲਾਫ ਆਪਣੀ ਦਰਖਾਸਤ ਵਾਪਸ ਲੈਣ ਤੇ ਉਹਨਾਂ ਨੂੰ ਪੁਲਿਸ ਵੱਲੋਂ ਚਿਤਾਵਨੀ ਦੇਕੇ ਛੱਡ ਦਿੱਤਾ ਗਿਆ ਸ। ਇਸ ਮੌਕੇ ਤੇ ਐਸ ਐਚ ਓ ਸੋਨਮਪ੍ਰੀਤ ਕੌਰ ਨੇ ਚੇਤਾਵਨੀ ਦਿੱਤੀ ਕਿ ਐਸ ਆਈ ਆਰ ਦੇ ਕੰਮ ਵਿੱਚ ਕਿਸੇ ਵੀ ਵਿਅਕਤੀ ਵੱਲੋਂ ਜੇਕਰ ਕਿਸੇ ਮੁਲਾਜ਼ਮ ਨਾਲ ਦੁਰ ਵਿਹਾਰ ਕੀਤਾ ਤਾਂ ਉਸ ਵਿਰੁੱਧ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਤੇ ਰਛਪਾਲ ਸਿੰਘ ਵੜੈਚ ਮੀਤ ਪ੍ਰਧਾਨ ਗੌਰਮੈਂਟ ਟੀਚਰਜ਼ ਯੂਨੀਅਨ ਪੰਜਾਬ, ਸੁਖਚੈਨ ਬਧਨ ਪ੍ਰਧਾਨ ਗੌਰਮੈਂਟ ਟੀਚਰ ਯੂਨੀਅਨ ਕਪੂਰਥਲਾ, ਭਜਨ ਸਿੰਘ ਮਾਨ ਮੀਤ ਪ੍ਰਧਾਨ ਅਧਿਆਪਕ ਦਲ,ਸਰਪੰਚ ਤਲਵੰਡੀ ਚੌਧਰੀਆਂ ਬਲਵਿੰਦਰ ਸਿੰਘ ਲੱਡੂ, ਆਮ ਆਦਮੀ ਪਾਰਟੀ ਦੇ ਆਗੂ ਪ੍ਰਦੀਪ ਥਿੰਦ, ਸਰਪੰਚ ਰੰਗੀਲਪੁਰ ਬਸਤੀ ਕਾਲਰੂ ਜੀ ਟੀ ਯੂ,ਸੁਖਵਿੰਦਰ ਸਿੰਘ,ਜਸਵਿੰਦਰ ਸਿੰਘ,ਮਨਜਿੰਦਰ ਸਿੰਘ, ਰੇਸ਼ਮ ਸਿੰਘ, ਯਾਦਵਿੰਦਰ ਸਿੰਘ ਪੰਡੋਰੀ ਆਦਿ ਹਾਜਰ ਸਨ।

# ਅੰਡਰ-19 ਵਿੱਚ ਹੁਸ਼ਿਆਰਪੁਰ ਨੇ ਰੋਪੜ ਨੂੰ 24 ਦੌੜਾਂ ਨਾਲ ਹਰਾਇਆ: ਡਾ. ਰਮਨ ਘਈ

## ਹਰਸ਼ ਚੌਹਾਨ ਨੇ ਬੱਲੇਬਾਜ਼ੀ ਅਤੇ ਕ੍ਰਿਸ਼ਨ ਵਾਲੀਆ ਨੇ ਗੇਂਦਬਾਜ਼ੀ ਵਿੱਚ ਕੀਤਾ ਸ਼ਾਨਦਾਰ ਪ੍ਰਦਰਸ਼ਨ

**ਹੁਸ਼ਿਆਰਪੁਰ, 10 ਜੁਲਾਈ (ਤਰਸੇਮ ਦੀਵਾਨਾ )** - ਪੀਸੀਏ ਦੁਆਰਾ ਕਰਵਾਈ ਜਾ ਰਹੀ ਲੜਕਿਆਂ ਦੀ ਅੰਤਰ-ਜ਼ਿਲ੍ਹਾ ਅੰਡਰ-19 ਇੱਕ-ਰੋਜ਼ਾ ਕ੍ਰਿਕਟ ਟੂਰਨਾਮੈਂਟ ਵਿੱਚ ਹੁਸ਼ਿਆਰਪੁਰ ਦੀ ਟੀਮ ਨੇ ਰੋਪੜ ਦੀ ਟੀਮ ਨੂੰ 24 ਦੌੜਾਂ ਨਾਲ ਹਰਾ ਕੇ 4 ਅੰਕ ਹਾਸਲ ਕੀਤੇ। ਜਾਣਕਾਰੀ ਦਿੰਦਿਆਂ ਐਚ.ਡੀ.ਸੀ.ਏ. ਦੇ ਸਕੱਤਰ ਡਾ. ਰਮਨ ਘਈ ਨੇ ਦੱਸਿਆ ਕਿ ਬਾਰਿਸ਼ ਕਾਰਨ 50-50 ਓਵਰਾਂ ਦੀ ਥਾਂ 20-20 ਓਵਰਾਂ ਦੇ ਇਸ ਮੈਚ ਵਿੱਚ ਰੋਪੜ ਦੀ ਟੀਮ ਨੇ ਟਾਸ ਜਿੱਤ ਕੇ ਹੁਸ਼ਿਆਰਪੁਰ ਦੀ ਟੀਮ ਨੂੰ ਬੱਲੇਬਾਜ਼ੀ ਕਰਨ ਦਾ ਸੱਦਾ ਦਿੱਤਾ। ਬੱਲੇਬਾਜ਼ੀ ਕਰਦਿਆਂ ਹੁਸ਼ਿਆਰਪੁਰ ਦੀ ਟੀਮ ਨੇ 19.3 ਓਵਰਾਂ ਵਿੱਚ 157 ਦੌੜਾਂ ਬਣਾਈਆਂ। ਜਿਸ ਵਿੱਚ ਹਰਸ਼ ਚੌਹਾਨ ਨੇ 47, ਯੁਗ ਗਰੋਵਰ ਅਤੇ ਕ੍ਰਿਸ਼ਨ ਵਾਲੀਆ ਨੇ 19-19, ਸਾਹਿਲ ਸਹੋਤਰਾ ਨੇ 17, ਗੁਰਮਨ ਨੇ 15 ਅਤੇ ਮੁਕੁਲ ਜਿੰਦਲ ਨੇ 13 ਦੌੜਾਂ ਦਾ ਯੋਗਦਾਨ ਦਿੱਤਾ। ਰੋਪੜ ਵੱਲੋਂ ਗੇਂਦਬਾਜ਼ੀ ਕਰਦਿਆਂ ਹਰਕੀਰਤ ਸਿੰਘ ਨੇ 3 ਅਤੇ ਅਮਨ ਸਿੰਘ ਨੇ 2 ਖਿਡਾਰੀਆਂ ਨੂੰ ਆਊਟ ਕੀਤਾ। ਡਾ. ਘਈ ਨੇ ਦੱਸਿਆ ਕਿ ਟੀਚੇ



ਦਾ ਪਿੱਛਾ ਕਰਨ ਉਤਰੀ ਰੋਪੜ ਦੀ ਟੀਮ 18.3 ਓਵਰਾਂ ਵਿੱਚ ਕੇਵਲ 133 ਦੌੜਾਂ ਹੀ ਬਣਾ ਸਕੀ। ਜਿਸ ਵਿੱਚ ਪ੍ਰਭਸਿਮਰ ਨੇ 79 ਅਤੇ ਰਾਜਵੀਰ ਨੇ 20 ਦੌੜਾਂ ਦਾ ਯੋਗਦਾਨ ਦਿੱਤਾ। ਹੁਸ਼ਿਆਰਪੁਰ ਵੱਲੋਂ ਸ਼ਾਨਦਾਰ ਗੇਂਦਬਾਜ਼ੀ ਕਰਦਿਆਂ ਕ੍ਰਿਸ਼ਨ ਵਾਲੀਆ, ਚਿਰਾਗ ਕੁਮਾਰ, ਕ੍ਰਿਤਿਆ ਕਪੂਰ, ਆਰਯਮ ਅਰੋੜਾ ਨੇ 2-2 ਵਿਕਟਾਂ ਅਤੇ ਹਰਸ਼ਿਤ ਨੰਦਾ ਨੇ 1 ਵਿਕਟ ਝਟਕਾਈ। ਟੀਮ ਦੀ ਜਿੱਤ 'ਤੇ ਵਧਾਈ ਦਿੰਦਿਆਂ ਐਚ.ਡੀ.ਸੀ.ਏ. ਦੇ ਪ੍ਰਧਾਨ ਡਾ. ਦਲਜੀਤ ਖੇਲਾ, ਡਾ. ਪੰਕਜ ਸ਼ਿਵ, ਵਿਵੇਕ ਸਾਹਨੀ ਅਤੇ ਹੋਰ ਅਧਿਕਾਰੀਆਂ ਅਤੇ ਮੈਂਬਰਾਂ ਨੇ ਅਗਲੇ ਮੈਚ ਲਈ ਸ਼ੁਭਕਾਮਨਾਵਾਂ ਦਿੱਤੀਆਂ। ਟੀਮ ਦੀ ਇਸ ਜਿੱਤ 'ਤੇ ਜ਼ਿਲ੍ਹਾ ਕੋਚ ਦਲਜੀਤ ਸਿੰਘ, ਜ਼ਿਲ੍ਹਾ ਟ੍ਰੇਨਰ ਅਤੇ ਸਾਬਕਾ ਰਾਸ਼ਟਰੀ ਖਿਡਾਰੀ ਕੁਲਦੀਪ ਧਾਮੀ, ਜ਼ਿਲ੍ਹਾ ਮਹਿਲਾ ਕੋਚ ਦਵਿੰਦਰ ਕੌਰ ਕਲਿਆਣ, ਨਿਕਿਤਾ, ਪਰਵੀਨ ਸ਼ਿੰਟੂ, ਪੰਕਜ ਪਿੰਕਾ, ਅਸ਼ੋਕ ਸ਼ਰਮਾ, ਦਿਨੇਸ਼ ਆਦਿ ਨੇ ਵੀ ਟੀਮ ਨੂੰ ਵਧਾਈ ਦਿੱਤੀ। ਡਾ. ਘਈ ਨੇ ਦੱਸਿਆ ਕਿ ਹੁਸ਼ਿਆਰਪੁਰ ਦਾ ਅਗਲਾ ਮੈਚ 12 ਜੁਲਾਈ ਨੂੰ ਨਵਾਂਸ਼ਹਿਰ ਨਾਲ ਹੁਸ਼ਿਆਰਪੁਰ ਵਿੱਚ ਖੇਡਿਆ ਜਾਵੇਗਾ।

ਫੋਟੋ ਅਜਮੇਰ ਦੀਵਾਨਾ

# ਲਾਲ ਸਿੰਘ ਸੈਕਟਰੀ ਦੇ ਗ੍ਰਹਿ ਵਿਖੇ ਪਹੁੰਚੇ ਐਮ.ਪੀ. ਮਾਲਵਿੰਦਰ ਸਿੰਘ ਕੰਗ ਅਤੇ ਵਿਧਾਇਕ ਸੰਤੋਸ਼ ਕਟਾਰੀਆ; ਧਰਮਪਤਨੀ ਦੇ ਦੇਹਾਂਤ 'ਤੇ ਜਤਾਇਆ ਡੂੰਘਾ ਦੁੱਖ

**ਬਲਾਚੌਰ, 10 ਜੁਲਾਈ (ਜਤਿੰਦਰਪਾਲ ਸਿੰਘ ਕਲੇਰ):** ਪਿੰਡ ਬੂਲੇਵਾਲ ਵਿਖੇ ਲਾਲ ਸਿੰਘ ਸੈਕਟਰੀ ਦੀ ਸਤਿਕਾਰਯੋਗ ਧਰਮਪਤਨੀ ਦੇ ਪਿਛਲੇ ਦਿਨੀਂ ਹੋਏ ਅਕਾਲ ਚਲਾਣੇ ਉਪਰੰਤ ਅੱਜ ਹਲਕਾ ਸ਼੍ਰੀ ਅਨੰਦਪੁਰ ਸਾਹਿਬ ਤੋਂ ਲੋਕ ਸਭਾ ਮੈਂਬਰ (ਐਮ.ਪੀ.) ਮਾਲਵਿੰਦਰ ਸਿੰਘ ਕੰਗ ਅਤੇ ਹਲਕਾ ਬਲਾਚੌਰ ਦੇ ਵਿਧਾਇਕਾ ਬੀਬਾ ਸੰਤੋਸ਼ ਕਟਾਰੀਆ ਨੇ ਵਿਸ਼ੇਸ਼ ਤੌਰ 'ਤੇ ਉਨ੍ਹਾਂ ਦੇ ਗ੍ਰਹਿ ਵਿਖੇ ਪਹੁੰਚ ਕੇ ਪੀੜਤ ਪਰਿਵਾਰ ਨਾਲ ਮੁਲਾਕਾਤ ਕੀਤੀ। ਇਸ ਦੁਖਦਾਈ ਘੜੀ ਵਿੱਚ ਉਨ੍ਹਾਂ ਦੇ ਨਾਲ ਸੀਨੀਅਰ ਆਪ ਆਗੂ ਅਸ਼ੋਕ ਕਟਾਰੀਆ ਅਤੇ ਯੂਥ ਆਗੂ ਕਰਨਵੀਰ ਕਟਾਰੀਆ ਵੀ ਮੌਜੂਦ ਸਨ, ਜਿਨ੍ਹਾਂ ਨੇ ਸੋਗਗ੍ਰਸਤ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਇਸ ਦੁੱਖ ਨੂੰ ਸਾਂਝਾ ਕੀਤਾ। ਇਸ ਮੌਕੇ ਪਹੁੰਚੀਆਂ ਪ੍ਰਮੁੱਖ ਸ਼ਖਸੀਅਤਾਂ ਨੇ ਪਰਿਵਾਰਿਕ ਮੈਂਬਰਾਂ ਨੂੰ ਢਾਰਸ ਬੱਝਾਉਂਦਿਆਂ ਕਿਹਾ ਕਿ



ਜੀਵਨ ਸਾਥੀ ਦਾ ਵਿਛੜ ਜਾਣਾ ਪਰਿਵਾਰ ਲਈ ਬਹੁਤ ਵੱਡਾ ਅਤੇ ਅਸਹਿ ਘਾਟਾ ਹੈ, ਜਿਸ ਦੀ ਪੂਰਤੀ ਕਦੇ ਨਹੀਂ ਕੀਤੀ ਜਾ ਸਕਦੀ। ਆਗੂਆਂ ਨੇ ਪਰਮਾਤਮਾ ਦੇ ਚਰਨਾਂ ਵਿੱਚ ਅਰਦਾਸ ਕੀਤੀ ਕਿ ਉਹ ਵਿਛੜੀ ਹੋਈ ਪਵਿੱਤਰ ਰੂਹ ਨੂੰ ਆਪਣੇ ਚਰਨਾਂ ਵਿੱਚ ਸਥਾਨ ਬਖ਼ਸ਼ਣ ਅਤੇ ਲਾਲ ਸਿੰਘ ਸੈਕਟਰੀ ਸਮੇਤ ਸਮੂਹ ਪਰਿਵਾਰ ਨੂੰ ਅਕਾਲ ਪੁਰਖ ਦਾ ਭਾਣਾ ਮੰਨਣ ਦਾ ਬਲ ਅਤੇ ਇਸ ਅਸਹਿ ਵਿਛੋੜੇ ਨੂੰ ਸਹਿਣ ਦਾ ਹੌਸਲਾ ਪ੍ਰਦਾਨ ਕਰਨ।

# ਛੂਛੇਵਾਲ ਤੇ ਰੌੜੀ 'ਚ ਵਿਧਾਇਕਾ ਕਟਾਰੀਆ ਦਾ ਤੂਫ਼ਾਨੀ ਦੌਰਾ ਗੂੰਜਿਆ ਨਾਅਰਾ—'ਪੰਜਾਬ ਦਾ ਇਕੋ ਨਾਅਰਾ, ਭਗਵੰਤ ਮਾਨ ਦੁਬਾਰਾ

**ਬਲਾਚੌਰ,10ਜੁਲਾਈ( ਜਤਿੰਦਰ ਪਾਲ ਸਿੰਘ ਕਲੇਰ )** ਵਿਧਾਨ ਸਭਾ ਹਲਕਾ ਬਲਾਚੌਰ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕਾ ਸ਼੍ਰੀਮਤੀ ਸੰਤੋਸ਼ ਕਟਾਰੀਆ ਅਤੇ ਸੀਨੀਅਰ 'ਆਪ' ਆਗੂ ਅਸ਼ੋਕ ਕਟਾਰੀਆ ਵੱਲੋਂ ਹਲਕੇ ਦੇ ਵੱਖ-ਵੱਖ ਪਿੰਡਾਂ ਦਾ ਤੂਫ਼ਾਨੀ ਦੌਰਾ ਕਰਕੇ ਲੋਕਾਂ ਨਾਲ ਸਿੱਧਾ ਰਾਬਤਾ ਕਾਇਮ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਵੱਲੋਂ ਪਿੰਡ ਛੂਛੇਵਾਲ ਤੇ ਰੌੜੀ ਵਿਖੇ ਵਿਸ਼ੇਸ਼ 'ਲੋਕ ਮਿਲਣੀ' ਪ੍ਰੋਗਰਾਮਾਂ ਤਹਿਤ ਪਿੰਡ ਵਾਸੀਆਂ ਨਾਲ ਅਹਿਮ ਮੁਲਾਕਾਤ ਕੀਤੀ ਗਈ। ਇਸ ਮਿਲਣੀ ਦੌਰਾਨ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਲੋਕਾਂ ਨੇ ਭਾਰੀ ਉਤਸ਼ਾਹ ਦਿਖਾਇਆ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੇ ਪੱਖ ਵਿੱਚ "ਪੰਜਾਬ ਦਾ ਇਕੋ ਨਾਅਰਾ, ਭਗਵੰਤ ਮਾਨ ਦੁਬਾਰਾ" ਦੇ ਜੋਸ਼ੀਲੇ ਨਾਅਰੇ ਲਗਾਏ। ਲੋਕਾਂ ਦੀਆਂ ਮੁਸ਼ਕਿਲਾਂ ਪਹਿਲ ਦੇ ਅਧਾਰ 'ਤੇ ਹੱਲ ਕਰਨ ਦਾ ਭਰੋਸਾ ਲੋਕ ਮਿਲਣੀ' ਦੌਰਾਨ ਹਲਕਾ ਵਿਧਾਇਕਾ ਸ਼੍ਰੀਮਤੀ ਸੰਤੋਸ਼ ਕਟਾਰੀਆ ਨੇ ਪਿੰਡ ਵਾਸੀਆਂ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਕੀਤੇ ਜਾ ਰਹੇ ਰਿਕਾਰਡਤੋੜ ਲੋਕ ਭਲਾਈ ਦੇ ਕੰਮਾਂ ਬਾਰੇ ਵਿਸਤਾਰਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਪਿੰਡ ਵਾਸੀਆਂ ਨੇ ਆਪਣੀਆਂ ਮੁਸ਼ਕਿਲਾਂ, ਰੋਜ਼ਾਨਾ ਦੀਆਂ ਲੋੜਾਂ ਅਤੇ ਪਿੰਡਾਂ ਦੇ ਵਿਕਾਸ ਨਾਲ ਸਬੰਧਤ ਅਹਿਮ ਸੁਝਾਅ ਪੇਸ਼ ਕੀਤੇ, ਜਿਨ੍ਹਾਂ ਨੂੰ ਹਲਕਾ ਵਿਧਾਇਕਾ ਨੇ ਬਹੁਤ ਧਿਆਨ ਨਾਲ ਸੁਣਿਆ ਅਤੇ ਪਹਿਲ ਦੇ ਅਧਾਰ 'ਤੇ ਜਲਦੀ ਹੱਲ ਕਰਨ ਦਾ






ਪੱਕਾ ਭਰੋਸਾ ਦਿੱਤਾ।ਆਪ' ਆਗੂ ਅਸ਼ੋਕ ਕਟਾਰੀਆ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਨੇ ਕਿਹਾ"ਆਮ ਲੋਕਾਂ ਦੀਆਂ ਮੁਸ਼ਕਿਲਾਂ ਦਾ ਤੁਰੰਤ ਨਿਪਟਾਰਾ ਕਰਨਾ ਅਤੇ ਹਲਕੇ ਦਾ ਸਰਵਪੱਖੀ ਵਿਕਾਸ ਕਰਨਾ ਹੀ ਸਾਡੀ ਮੁੱਖ ਤਰਜੀਹ ਹੈ।"ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਮਾਨ ਸਰਕਾਰ ਨੇ ਮੁਫ਼ਤ ਬਿਜਲੀ, ਮਾਵਾਂ-ਧੀਆਂ ਸਤਿਕਾਰ ਯੋਜਨਾ, ਆਮ ਆਦਮੀ ਕਲੀਨਿਕ, ਸਿੱਖਿਆ ਵਿੱਚ ਕ੍ਰਾਂਤੀਕਾਰੀ ਸੁਧਾਰ ਅਤੇ ਘਰ-ਘਰ ਆਟਾ-ਦਾਲ ਸਕੀਮ ਵਰਗੇ ਸਾਰੇ ਚੋਣ ਵਾਅਦਿਆਂ ਨੂੰ ਹਕੀਕਤ ਵਿੱਚ ਬਦਲ ਕੇ ਦਿਖਾਇਆ ਹੈ, ਜਿਸ ਕਾਰਨ ਅੱਜ ਜਨਤਾ ਵਿੱਚ ਭਾਰੀ ਉਤਸ਼ਾਹ ਹੈ। ਇਸ ਦੌਰਾਨ ਪਿੰਡਾਂ ਦੀਆਂ ਗ੍ਰਾਮ ਪੰਚਾਇਤਾਂ ਅਤੇ ਮੋਹਤਬਰਾਂ ਵੱਲੋਂ ਹਲਕਾ ਵਿਧਾਇਕਾ ਸੰਤੋਸ਼ ਕਟਾਰੀਆ ਅਤੇ ਪਹੁੰਚੇ ਹੋਏ ਪ੍ਰਮੁੱਖ ਆਗੂਆਂ ਦਾ ਸਿਰੋਪਾਓ ਭੇਂਟ ਕਰਕੇ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ।

ਇਸ ਮੌਕੇ ਵੱਖ-ਵੱਖ ਪਿੰਡਾਂ ਦੇ ਪੰਚ-ਸਰਪੰਚ, ਪਾਰਟੀ ਵਰਕਰ ਅਤੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ, ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਪਿੰਡ ਛੂਛੇਵਾਲ ਅਤੇ ਰੌੜੀ ਤੋਂ ਗਜਿੰਦਰ ਪੱਪੂ, ਸੁਰਿੰਦਰ ਪਾਲ, ਸਰਪੰਚ ਰਾਮ ਕੁਮਾਰ, ਇੰਸਪੈਕਟਰ ਹਰਜਿੰਦਰ ਸਿੰਘ, ਜੋਗਿੰਦਰ ਸਿੰਘ, ਭਾਗ ਸਿੰਘ, ਸ਼ਮਸ਼ੇਰ ਸਿੰਘ, ਸੋਹਣ ਸਿੰਘ, ਡਾ. ਪ੍ਰੇਮ, ਸਤਪਾਲ ਪਾਲ, ਹਰਜਿੰਦਰ ਮਾਸਟਰ, ਕਰਨੈਲ ਸਿੰਘ, ਡਾ. ਬਿੰਦਰ, ਨਰਿੰਦਰ ਕੁਮਾਰ ਕਾਲੂ, ਮਿੰਟੂ,ਪਵਨ ਕੁਮਾਰ ( ਰੀਠੂ), ਸੁੰਦਰ ਕੁਮਾਰ, ਹਰਜਿੰਦਰ ਕੁਮਾਰ, ਦੀਪਕ ਕੁਮਾਰ, ਬਿੱਕਰ ਨੰਬਰਦਾਰ, ਜਸਵੀਰ ਕੁਮਾਰ, ਸੋਨੂੰ ਕੁਮਾਰ, ਪਾਲ ਚੰਦ, ਦਿਆਲ ਚੰਦ ਅਤੇ ਨਛੱਤਰ ਪਾਲ, ਹਰਜਿੰਦਰ ਸਿੰਘ,ਬਲਾਕ ਪ੍ਰਧਾਨ ਆਤਮਾ ਰਾਮ , ਬਲਾਕ ਪ੍ਰਧਾਨ ਹਰਮੇਸ਼ ਲਾਲ , ਪਵਨ ਕੁਮਾਰ ਸ਼ਾਮਾ ਸਰਪੰਚ ਪੋਜੇਵਾਲ ,ਸਤਨਾਮ ਸਿੰਘ ਸਰਪੰਚ ਕਟਵਾਰਾ ਆਦਿ ਸ਼ਾਮਲ ਸਨ।

# ਸਰਵਹਿੱਤਕਾਰੀ ਵਿੱਦਿਆ ਮੰਦਰ ਭੀਖੀ ਵਿਖੇ ਸੂਬਾ ਸੰਗਠਨ ਮੰਤਰੀ ਸ਼੍ਰੀ ਰਾਜੇਂਦਰ ਕੁਮਾਰ ਦਾ ਇੱਕ ਦਿਨਾਂ ਦੌਰਾ



**ਭੀਖੀ,10 ਜੁਲਾਈ (ਕਮਲ ਜਿੰਦਲ)** ਸਥਾਨਕ ਸੰਸਥਾ ਸਰਵਹਿੱਤਕਾਰੀ ਵਿੱਦਿਆ ਮੰਦਰ ਸੀ.ਬੀ.ਐਸ.ਈ ਭੀਖੀ ਵਿਖੇ ਸਰਵਹਿੱਤਕਾਰੀ ਸਿੱਖਿਆ ਸੰਮਤੀ ਜਲੰਧਰ ਪੰਜਾਬ ਪ੍ਰਾਂਤ ਦੇ ਸੰਗਠਨ ਮੰਤਰੀ ਸ਼੍ਰੀ ਰਾਜੇਂਦਰ ਕੁਮਾਰ ਦਾ ਮਾਰਗਦਰਸ਼ਨ ਪ੍ਰਾਪਤ ਹੋਇਆ। ਸਵੇਰ ਦੀ ਸਭਾ ਵਿੱਚ ਵਿਦਿਆਰਥੀਆਂ ਦਾ ਮਾਰਗਦਰਸ਼ਨ ਕਰਦੇ ਹੋਏ, ਉਨ੍ਹਾਂ ਆਪਣੇ ਸੰਬੋਧਨ ਵਿੱਚ ਕਿਹਾ ਕਿ ਅੱਜ ਦਾ ਯੁੱਗ ਮੋਬਾਈਲ ਫੋਨ ਦਾ ਯੁੱਗ ਹੈ, ਜੋ ਸਮਾਜ ਵਿੱਚ ਬਹੁਤ ਸਾਰੀਆਂ ਸਮੱਸਿਆਵਾਂ ਪੈਦਾ ਕਰ ਰਹੇ ਹਨ, ਅਤੇ ਇਸ ਲਈ ਸਾਨੂੰ ਇਨ੍ਹਾਂ ਤੋਂ ਬਚਣਾ ਚਾਹੀਦਾ ਹੈ। ਇਨ੍ਹਾਂ ਦਾ ਸਾਡੀ ਸਿਹਤ 'ਤੇ ਮਾੜਾ ਪ੍ਰਭਾਵ ਪੈਂਦਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਭਾਰਤ ਰਾਸ਼ਟਰੀ ਗੀਤ "ਵੰਦੇ ਮਾਤਰਮ" ਦੀ 150ਵੀਂ ਵਰ੍ਹੇਗੰਢ ਮਨਾ ਰਿਹਾ ਹੈ। ਇਸ ਲਈ ਸਾਨੂੰ ਵੰਦੇ ਮਾਤਰਮ ਨੂੰ ਪੂਰੀ ਤਰ੍ਹਾਂ ਯਾਦ ਰੱਖਣਾ ਚਾਹੀਦਾ ਹੈ ਤਾਂ ਜੋ ਇਸਨੂੰ ਪੂਰੇ ਭਾਰਤ ਵਿੱਚ ਇੱਕੋ ਸਮੇਂ ਗਾਇਆ ਜਾ ਸਕੇ। ਇਸ ਲਈ ਇੱਕ ਯੋਜਨਾ ਬਣਾਈ ਜਾ ਰਹੀ ਹੈ। ਉਹਨਾਂ ਵੱਲੋਂ ਸਾਰੇ ਅਧਿਆਪਕਾਂ ਨਾਲ ਇੱਕ ਮੀਟਿੰਗ ਵੀ ਕੀਤੀ ਗਈ ਅਤੇ ਇਸ ਮੀਟਿੰਗ ਦੌਰਾਨ ਉਨ੍ਹਾਂ ਵੱਖ - ਵੱਖ ਵਿਸ਼ਿਆਂ ਤੇ ਚਰਚਾ ਕੀਤੀ । ਉਨ੍ਹਾਂ ਨੇ ਸਵੇਰ ਦੀ ਸਭਾ (ਵੰਦਨਾ) ਦੀ ਪ੍ਰਸ਼ੰਸਾ ਵੀ ਕੀਤੀ। ਇਸਦੇ ਅੰਤਰਗਤ , ਪ੍ਰਾਰਥਨਾ ਸਭਾ ਵਿੱਚ, ਸੰਗਠਨ ਮੰਤਰੀ ਰਾਜੇਂਦਰ ਕੁਮਾਰ ਅਤੇ ਪ੍ਰਿੰਸੀਪਲ ਡਾ. ਗਗਨਦੀਪ ਪਰਾਸ਼ਰ ਨੇ ਕਾੱਮਰਸ , ਵਿਗਿਆਨ, ਕੰਪਿਊਟਰ ਅਤੇ ਗਣਿਤ ਵਿੱਚ ਅੰਤਰਰਾਸ਼ਟਰੀ ਓਲੰਪੀਆਡ ਵਿੱਚ ਦੂਜੇ ਪੱਧਰ ਦੇ ਇਨਾਮ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ।

ਸਕੂਲ-ਪਰਿਵਾਰ ਅਤੇ ਮਾਪਿਆਂ ਲਈ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਕੰਪਿਊਟਰ ਵਿਸ਼ੇ ਵਿੱਚ ਅੰਤਰਰਾਸ਼ਟਰੀ ਓਲੰਪੀਆਡ ਦੇ ਦੂਜੇ ਪੱਧਰ ਵਿੱਚ ਆਫੀਨ, ਨੂਰਪ੍ਰੀਤ ਕੌਰ ਅਤੇ ਰਤਨਪ੍ਰੀਤ ਕੌਰ ਨੇ 1657 ਰੁਪਏ ਨਕਦ, ਸੋਨੇ ਦਾ ਤਗਮਾ ਅਤੇ ਸਰਟੀਫਿਕੇਟ ਜਿੱਤ ਕੇ ਸਕੂਲ ਦਾ ਨਾਮ ਰੌਸ਼ਨ ਕੀਤਾ।

ਇੱਥੇ ਜ਼ਿਕਰਯੋਗ ਹੈ ਕਿ ਦੂਜੇ ਪੱਧਰ ਵਿੱਚ, ਛੇ ਵਿਦਿਆਰਥੀਆਂ ਨੂੰ ₹500 ਰੁਪਏ ਦੇ ਤੋਹਫ਼ੇ ਸਰਟੀਫਿਕੇਟ ਪ੍ਰਾਪਤ ਹੋਏ,ਇਨ੍ਹਾਂ ਵਿਗਿਆਨ, ਕਾੱਮਰਸ ਅਤੇ ਗਣਿਤ ਵਿਸ਼ਿਆਂ ਵਿੱਚ ਸਫਲਤਾ ਪ੍ਰਾਪਤ ਕਰਨ ਵਾਲੇ ਹੋਰ ਵਿਦਿਆਰਥੀਆਂ ਨੂੰ ਵੀ ਸਰਟੀਫਿਕੇਟ ਪ੍ਰਾਪਤ ਹੋਏ। ਫ਼ਖਰਮਈ ਵਰਨਣਯੋਗ ਹੈ ਕਿ ਸਾਵਿੱਤਰੀਬਾਈ ਫੂਲੇ ਯੂਨੀਵਰਸਿਟੀ, ਪੂਣੇ ਵਿੱਚ "ਭਵਿੱਖ ਦੇ ਨਵੀਨਤਾ ਕੈਂਪ" ਦਾ ਆਯੋਜਨ ਕੀਤਾ ਗਿਆ ਸੀ ,ਜਿਸ ਵਿੱਚ ਸਕੂਲ ਦੇ ਅੱਠ ਵਿਦਿਆਰਥੀਆਂ ਨੇ ਹਿੱਸਾ ਲਿਆ ਅਤੇ ਸਫਲਤਾ ਪ੍ਰਾਪਤ ਕੀਤੀ। ਜ਼ਿਕਰਯੋਗ ਹੈ ਕਿ ਇਨ੍ਹਾਂ ਅੱਠ ਵਿਦਿਆਰਥੀਆਂ ਵਿੱਚੋਂ ਤਿੰਨ ਵਿਦਿਆਰਥੀਆਂ ਨੂੰ ਸਾਇੰਸ ਕਿੱਟਾਂ ਦੇ ਨਾਲ ਸਰਟੀਫਿਕੇਟ, ਦੋ ਵਿਦਿਆਰਥੀਆਂ ਨੂੰ ਸਰਟੀਫਿਕੇਟ ਅਤੇ 10ਵੀਂ ਜਮਾਤ ਦੀ ਵਿਦਿਆਰਥਣ ਯਸ਼ਿਕਾ ਅਗਰਵਾਲ ਨੂੰ ਸਰਟੀਫਿਕੇਟ ਦੇ ਨਾਲ 'ਇਸਰੋ' ਦੇ ਦੌਰੇ ਲਈ ਸਥਾਨ ਪ੍ਰਾਪਤ ਹੋਇਆ । ਜਦੋਂ ਕਿ ਇੱਕ ਹੋਰ ਵਿਦਿਆਰਥੀ ਜਸ਼ਨਪ੍ਰੀਤ ਸਿੰਘ ਨੇ 'ਨਹਿਰੂ ਸਾਇੰਸ ਸੈਂਟਰ' ਮੁੰਬਈ ਦਾ ਦੌਰਾ ਕੀਤਾ। ਇਸ ਮੌਕੇ ਸਕੂਲ ਪ੍ਰਿੰਸੀਪਲ ਡਾ. ਗਗਨਦੀਪ ਪਰਾਸ਼ਰ ਜੀ ਨੇ ਸੂਬਾ ਸੰਗਠਨ ਮੰਤਰੀ ਸ਼੍ਰੀ ਰਾਜੇਂਦਰ ਕੁਮਾਰ ਦਾ ਸਕੂਲ ਵਿੱਚ ਆਉਣ 'ਤੇ ਸਵਾਗਤ ਕੀਤਾ ਅਤੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਸਮੇਂ-ਸਮੇਂ 'ਤੇ ਮਾਰਗਦਰਸ਼ਨ ਕਰਨ ਲਈ ਉਨ੍ਹਾਂ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਸਕੂਲ ਪ੍ਰਬੰਧਕ ਕਮੇਟੀ ਦੇ ਮੈਨੇਜਰ ਸ਼੍ਰੀ ਅੰਮ੍ਰਿਤ ਲਾਲ, ਸੀਨੀਅਰ ਉਪ ਪ੍ਰਧਾਨ ਮੱਖਣ ਲਾਲ, ਉਪ ਪ੍ਰਧਾਨ ਪ੍ਰਸ਼ੋਤਮ ਮੱਤੀ ਅਤੇ ਮੈਂਬਰ ਭੂਸ਼ਣ ਜੀ ਵੀ ਮੌਜੂਦ ਸਨ।

## (ਹਿੰਮਤ-ਏ-ਮਰਦਾਂ, ਮਦਦ-ਏ-ਖ਼ੁਦਾ)

ਰੱਬ ਘਰ ਦੇਰ ਹੁੰਦੀ, ਸਦਾ ਨਹੀਂ ਹਨ੍ਹੇਰ ਹੁੰਦੀ
ਹਰ ਕਾਲ਼ੀ ਰਾਤ ਪਿੱਛੋਂ, ਸੱਜਰੀ ਸਵੇਰ ਹੁੰਦੀ
ਐਵੇਂ ਈ ਖਿਲਾਰੀਦਾ ਏ ਝੱਲ ਨਹੀਂਓਂ ਸੋਹਣਿਆਂ
ਰੋਣਾ ਕਿਸੇ ਮਸਲੇ ਦਾ ਹੱਲ ਨਹੀਂਓਂ ਸੋਹਣਿਆਂ

ਦਿਲ ਨਾ ਮਸੋਸਾ ਕਰ, ਰੱਬ 'ਤੇ ਭਰੋਸਾ ਕਰ
ਨਿੱਕੀ ਨਿੱਕੀ ਗੱਲ ਉੱਤੇ, ਐਵੇਂ ਈ ਨਾ ਰੋਸਾ ਕਰ
ਰੋਸਿਆਂ ਨਾ' ਬਣਦੀ ਏ, ਗੱਲ ਨਹੀਂਓਂ ਸੋਹਣਿਆਂ
ਰੋਣਾ ਕਿਸੇ ਮਸਲੇ ਦਾ ਹੱਲ ਨਹੀਂਓਂ ਸੋਹਣਿਆਂ

ਮਿਹਨਤਾਂ ਨੂੰ ਬੂਰ ਪੈਂਦੇ, ਸੱਚੀਂ ਓ ਹਜ਼ੂਰ ਪੈਂਦੇ
ਵਾਧੇ ਘਾਟੇ ਜ਼ਿੰਦਗੀ ਦੇ, ਸਹਿਣੇ ਵੀ ਜਰੂਰ ਪੈਂਦੇ
ਬੀਤਿਆ ਜੋ ਆਉਂਦਾ ਮੁੜ ਪਲ ਨਹੀਂਓਂ ਸੋਹਣਿਆਂ
ਰੋਣਾ ਕਿਸੇ ਮਸਲੇ ਦਾ ਹੱਲ ਨਹੀਂਓਂ ਸੋਹਣਿਆਂ......

ਬੀਤ ਗਈ ਬਾਤ ਗਈ, ਗ਼ਮਾਂ ਵਾਲੀ ਰਾਤ ਗਈ
ਦੁਨੀਆਂ ਨੇ ਦਿੱਤੀ ਸੀ ਜੋ, ਭੈੜੀ ਓ' ਸੌਗ਼ਾਤ ਗਈ
ਭੈੜੀ ਯਾਦ ਲੈ ਕੇ ਹੁੰਦਾ ਚੱਲ ਨਹੀਂਓਂ ਸੋਹਣਿਆਂ
ਰੋਣਾ ਕਿਸੇ ਮਸਲੇ ਦਾ ਹੱਲ ਨਹੀਂਓਂ ਸੋਹਣਿਆਂ

ਡਿੱਗਿਆਂ ਤਾਂ ਝਾੜ ਉੱਠ, ਬਾਜੂਆਂ ਨੂੰ ਚਾੜ੍ਹ ਉੱਠ
ਛੱਡ ਰੋਣ ਧੋਣੇ "ਖੁਸ਼ੀ", ਮਾਰ ਕੇ ਦਹਾੜ ਉੱਠ
ਢੇਰੀ ਢਾਹਿਆਂ ਆਉਣਾ ਚੰਗਾ ਕੱਲ੍ਹ ਨਹੀਂਓਂ ਸੋਹਣਿਆਂ
ਰੋਣਾ ਕਿਸੇ ਮਸਲੇ ਦਾ ਹੱਲ ਨਹੀਂਓਂ ਸੋਹਣਿਆਂ......



**ਖੁਸ਼ੀ ਮੁਹੰਮਦ "ਚੱਠਾ"**
**ਆਦਮਪੁਰ ਦੋਆਬਾ (ਜਲੰਧਰ)**
**97790-25356**

## ਚੁੰਨੀ ਦਾ ਝੰਡਾ : ਜਾਗਦੀ ਔਰਤ ਦਾ ਗੀਤ

ਤੂੰ ਉੱਠ ਕਿਰਤੀਏ ਔਰਤੇ, ਹੁਣ ਮੱਥੇ ਵੱਟ ਨਾ ਪਾ,
ਤੇਰੀ ਚੁੰਨੀ ਲੀਰਾਂ ਹੋ ਗਈ, ਇਹਨੂੰ ਝੰਡਾ ਲੈ ਬਣਾ!
ਜਿਨ੍ਹਾਂ ਖੇਤਾਂ ਦੇ ਵਿੱਚ ਡੁੱਲ੍ਹਿਆ, ਤੇਰਾ ਮੁੜ੍ਹਕਾ ਤੇਰੀ ਜਾਨ,
ਉਹਨਾਂ ਖੇਤਾਂ ਦੇ ਵਿੱਚ ਉੱਗਿਆ, ਅੱਜ ਤੇਰਾ ਇਮਤਿਹਾਨ,
ਤੂੰ ਸਬਰਾਂ ਦੇ ਘੁੱਟ ਪੀ ਲਏ, ਹੁਣ ਜ਼ਹਿਰਾਂ ਨੂੰ ਅਜ਼ਮਾ...
ਤੇਰੀ ਚੁੰਨੀ ਲੀਰਾਂ ਹੋ ਗਈ, ਇਹਨੂੰ ਝੰਡਾ ਲੈ ਬਣਾ!
ਤੈਨੂੰ ਧਰਮਾਂ ਦੀਆਂ ਬੇੜੀਆਂ, "ਖਿੱਚੀ" ਰੱਖਿਆ ਸਦਾ ਗ਼ੁਲਾਮ,
ਤੇਰੀ ਕਿਰਤ ਲੁੱਟ ਲਈ ਹਾਕਮਾਂ, ਤੇਰੇ ਪੱਲੇ ਬਚੀ ਥਕਾਨ,
ਤੂੰ ਸੁੱਤੀਆਂ ਕਲਾਂ ਜਗਾ ਲੈ, ਹੁਣ ਹੱਕਾਂ ਦਾ ਰੌਲਾ ਪਾ...
ਤੇਰੀ ਚੁੰਨੀ ਲੀਰਾਂ ਹੋ ਗਈ, ਇਹਨੂੰ ਝੰਡਾ ਲੈ ਬਣਾ!
ਜਿਸ ਚੁੱਲ੍ਹੇ ਅੱਗੇ ਫੂਕਤੀ, ਤੂੰ ਉਮਰਾਂ ਦੀ ਮੁਸਕਾਨ,
ਉਸ ਅੱਗ ਨੂੰ ਭਾਂਬੜ ਬਾਲ ਲੈ, ਜਿਹੜਾ ਫੂਕ ਦਵੇ ਅਭਿਮਾਨ।
ਤੂੰ ਦਾਤੀ ਵਾਂਗੂੰ ਤਿੱਖੀ ਹੋ, ਹੁਣ ਜ਼ੁਲਮਾਂ ਨੂੰ ਵੱਢ ਖਾ...
ਤੇਰੀ ਚੁੰਨੀ ਲੀਰਾਂ ਹੋ ਗਈ, ਇਹਨੂੰ ਝੰਡਾ ਲੈ ਬਣਾ!
ਜਦ ਉੱਠੇਂਗੀ ਤੂੰ ਗੱਜ ਕੇ, ਇਹ ਤਖ਼ਤ ਜਾਣਗੇ ਕੰਬ,
ਤੇਰੀ ਉੱਡਣ ਦੀ ਤਿਆਰੀ ਏ, ਤੂੰ ਖੋਲ੍ਹ ਲਏ ਨੇ ਖੰਭ।
ਤੂੰ ਵਕਤਾਂ ਦੀ ਹਿੱਕ ਚੀਰ ਕੇ, ਆਪਣੀ ਮੰਜ਼ਿਲ ਨੂੰ ਪਾ...
ਤੇਰੀ ਚੁੰਨੀ ਲੀਰਾਂ ਹੋ ਗਈ, ਇਹਨੂੰ ਝੰਡਾ ਲੈ ਬਣਾ!



**ਪ੍ਰੋ. ਪਵਨ ਖਿੱਚੀ, ਮਾਨਸਾ**
**ਮੋਬਾ. 9478160786**

## ਤਸੱਵੁਰ

ਇਹ ਪੱਤੇ ਝੜਿਆਂ ਨੂੰ ਹੀ ਨਾ ਵੇਖ
ਇਹਨਾਂ ਰੁੱਖਾਂ ਖੜ੍ਹਿਆਂ ਨੂੰ ਵੀ ਵੇਖ
ਰਾਤਾਂ, ਧੁੱਪਾਂ, ਧੂੜਾਂ ਸਹਿ-ਸਹਿ ਕੇ
ਝੱਖੜਾਂ ਅੱਗੇ ਅੜਿਆਂ ਨੂੰ ਵੀ ਵੇਖ
ਕਣੀਆਂ ਤੇ ਧੁੱਪ ਤੋਂ ਛਤਰੀ ਤਾਣਦਿਆ
ਚੋਂਦੇ ਕੋਠੇ ਤੇ ਮਜੂਰਾਂ ਰੜਿਆਂ ਨੂੰ ਵੀ ਵੇਖ
ਮੁੜਕਾ ਕਰ ਰਿਹਾ ਮਜੂਰੀ ਦੀ ਉਡੀਕ
ਅੰਤ ਹੱਕਾਂ ਲਈ ਲੜਿਆਂ ਨੂੰ ਵੀ ਵੇਖ
ਏਕੇ ਅੱਗੇ ਕਿੰਗਰੇ ਵੀ ਕਿਰ ਜਾਂਦੇ ਨੇ
ਹੋਣੀ ਮੱਥੇ ਕੋਕੇ ਜੜਿਆਂ ਨੂੰ ਵੀ ਵੇਖ
ਅੱਕੇ ਹੋਏ ਕ੍ਰਾਂਤੀਆਂ ਵੀ ਲੈ ਆਉਂਦੇ ਨੇ
ਤਸੱਵੁਰ ਫ਼#39;ਚ ਸੂਲੀ ਚੜ੍ਹਿਆਂ ਨੂੰ ਵੀ ਵੇਖ

**-ਮਨਜੀਤ ਸਿੰਘ ਬੱਧਣ**
9417635053



## "ਪੰਜਾਬ"

ਪੱਗਾਂ ਸਿਰਾਂ ਉੱਤੇ ਬੰਨ, ਮੁੰਡੇ ਬਣੇ ਨੇ ਨਵਾਬ ,
ਚਿਹਰਿਆਂ ਦੀ ਲਾਲੀ ਦੱਸੇ,ਚੜ੍ਹਦਾ ਪੰਜਾਬ,
ਛੇ-ਛੇ ਫੁੱਟੇ ਕੱਦ, ਉੱਤੋਂ ਸੋਹਣੇ ਬੇ ਹਿਸਾਬ,
ਜਿਗਰੇ ਤੇ ਜੁਰਤਾਂ ਦੀ, ਦੱਸਾਂ ਕੀ ਕਹਾਣੀ,
ਮਿਹਨਤਾਂ ਦੇ ਨਾਲ ਦਿੰਦੇ,ਬਦਲ ਹਲਾਤ,
ਚੜ੍ਹਕੇ ਆਏ ਨੂੰ ਦਿੰਦੇ, ਦੁੱਗਣੀ ਏ,ਭਾਜੀ,
ਕੱਲ੍ਹੀ-ਕੱਲ੍ਹੀ ਗੱਲ ਦਾ ਨੇ, ਰੱਖਦੇ ਹਿਸਾਬ,
ਇਹ ਪੱਗਾਂ ਤੇ ਦੁਪੱਟਿਆਂ ਦੇ, ਰਾਖੇ ਮੁੱਢ ਤੋਂ,
ਚੰਗੇ ਮਾੜੇ,ਹਿੱਕਾਂ ਡਾਹ ਕੇ,ਵੇਖਦੇ ਹਾਲਤ,
ਬਾਡਰਾਂ ਤੇ ਪਹਿਰਾ ਦਿੰਦੇ,ਦਿਨ ਅਤੇ ਰਾਤ,
ਝੱਖੜ੍ਹ, ਤੂਫ਼ਾਨ, ਸੀਨਿਆਂ ਤੇ ਜਰ ਜਾਂਦੇ ,
ਚੜ੍ਹਦੀ ਕਲਾ ਦੀ,ਸਦਾ ਗੂੰਜਦੀ, ਅਵਾਜ਼,
ਗੁਰੂਆਂ ਦੇ ਬਚਨਾਂ ਤੇ, ਜ਼ਿੰਦਗੀ ਜਿਉਂਦੇ,
ਡੋਬਦੇ ਨੇ ਲੱਖਾਂ,ਕਿੱਥੇ ਦਬਦਬਾ ਪੰਜਾਬ,
ਚਿੱਟੇ-ਕਾਲੇ ਨਸ਼ਿਆਂ ਨੇ,ਰੋਲਤੀ ਜਵਾਨੀ,
ਲਾਮ ਬੰਦ ਹੋਈਏ,ਫਿਰ,ਬਚੂਗਾ, ਪੰਜਾਬ,
ਬਾਣੀ,ਬਾਣੇ,ਪੱਗ ਨਾਲ,ਆਪ ਜੁੜ੍ਹ ਜਾਈਏ,
ਜੂੜੇ ਤਾਂਈਓ, ਰੱਖਣਗੇ,ਸਾਡੇ ਏ, ਜਵਾਕ,
ਅਣਖੀ ਪੰਜਾਬੀ, ਜਿਹਨੂੰ ਜੱਗ ਜਾਣਦਾ,
ਸਾਂਭ-ਸਾਂਭ ਰੱਖਦੇ ਨੇ,ਆਪਣਾ ਪੰਜਾਬ,
ਸੰਦੀਪ ਇਹ ਯਾਰੀਆਂ ਤੋਂ ਜਾਨ ਵਾਰਦੇ,
ਆਉਣ ਵਾਲੇ ਸਮੇਂ ਦਾ ਇਹ,ਖੜਾ ਏ ਪੰਜਾਬ ।



**ਸੰਦੀਪ ਸਿੰਘ 'ਬਖੋਪੀਰ'**
**ਸੰਪਰਕ:-9815321017**



# ਬਲਾਚੌਰ ਵਿਖੇ 'ਮੋਨੂੰ ਟੈਲੀਕੌਮ ' ਦੇ ਨਵੇਂ ਸ਼ੋਰੂਮ ਦਾ ਸ਼ਾਨਦਾਰ ਉਦਘਾਟਨ; ਅਜੇ ਮੰਗੂਪੁਰ ਨੇ ਰਿਬਨ ਕੱਟ ਕੇ ਕੀਤੀ ਸ਼ੁਰੂਆਤ

**ਬਲਾਚੌਰ, 10 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ):** ਬਲਾਚੌਰ-ਭੱਦੀ ਰੋਡ 'ਤੇ ਸਥਿਤ ਸੂਰੀ ਹਸਪਤਾਲ ਦੇ ਨਜ਼ਦੀਕ ਅੱਜ 'ਮੋਨੂੰ ਟੈਲੀਕੌਮ ' ਵੱਲੋਂ ਆਪਣੇ ਨਵੇਂ ਆਧੁਨਿਕ ਸ਼ੋਰੂਮ ਦੀ ਸ਼ਾਨਦਾਰ ਸ਼ੁਰੂਆਤ ਕੀਤੀ ਗਈ। ਇਸ ਨਵੇਂ ਸ਼ੋਰੂਮ ਦਾ ਉਦਘਾਟਨ ਮੁੱਖ ਮਹਿਮਾਨ ਵਜੋਂ ਪਹੁੰਚੇ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਵੱਲੋਂ ਆਪਣੇ ਸਾਥੀਆਂ ਅਤੇ ਪੂਰੀ ਟੀਮ ਸਮੇਤ ਵਿਸ਼ੇਸ਼ ਤੌਰ 'ਤੇ ਰਿਬਨ ਕੱਟ ਕੇ ਕੀਤਾ ਗਿਆ। ਇਲਾਕੇ ਵਿੱਚ ਲੰਮੇ ਸਮੇਂ ਤੋਂ ਆਪਣੀਆਂ ਬਿਹਤਰ ਸੇਵਾਵਾਂ ਲਈ ਜਾਣੇ ਜਾਂਦੇ ਮੋਨੂੰ ਟੈਲੀਕੌਮ ਦੇ ਪ੍ਰਬੰਧਕਾਂ ਵੱਲੋਂ ਹੁਣ ਗਾਹਕਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਇਸ ਨਵੇਂ ਅਤੇ ਵੱਡੇ ਸ਼ੋਰੂਮ ਦਾ ਨਿਰਮਾਣ ਕੀਤਾ ਗਿਆ ਹੈ। ਇਸ ਮੌਕੇ ਉਦਘਾਟਨ ਕਰਨ ਪਹੁੰਚੇ ਅਜੇ ਮੰਗੂਪੁਰ ਨੇ ਮੋਨੂੰ ਟੈਲੀਕੌਮ ਦੇ ਮਾਲਕ ਅਤੇ ਸਮੁੱਚੀ ਟੀਮ ਨੂੰ ਨਵੇਂ ਕਾਰੋਬਾਰ ਦੀ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਸੁਨਹਿਰੀ ਭਵਿੱਖ ਲਈ ਸ਼ੁਭਕਾਮਨਾਵਾਂ ਭੇਟ ਕੀਤੀਆਂ। ਸ਼ੋਰੂਮ ਦੇ ਪ੍ਰਬੰਧਕਾਂ ਨੇ ਦੱਸਿਆ ਕਿ ਇਸ ਨਵੇਂ ਸਟੋਰ ਦੇ ਖੁੱਲ੍ਹਣ ਨਾਲ







ਇਲਾਕਾ ਨਿਵਾਸੀਆਂ ਨੂੰ ਇੱਕੋ ਛੱਤ ਹੇਠ ਹਰ ਤਰ੍ਹਾਂ ਦੀਆਂ ਆਧੁਨਿਕ ਸੁਵਿਧਾਵਾਂ ਮਿਲਣਗੀਆਂ। ਇੱਥੇ ਹਰ ਬ੍ਰਾਂਡ ਦੇ ਨਵੇਂ ਮੋਬਾਈਲ ਫੋਨਾਂ ਅਤੇ ਵੱਖ-ਵੱਖ ਇਲੈਕਟ੍ਰੋਨਿਕਸ ਸਮਾਨ ਦੀ ਸੇਲ-ਪਰਚੇਜ਼ (ਖਰੀਦੋ-ਫਰੋਖਤ) ਦੇ ਨਾਲ-ਨਾਲ ਮੋਬਾਈਲਾਂ ਦੀ ਰਿਪੇਅਰਿੰਗ ਦਾ ਕੰਮ ਵੀ ਬਹੁਤ ਹੀ ਤਸੱਲੀਬਖਸ਼ ਤਰੀਕੇ ਨਾਲ ਕੀਤਾ ਜਾਵੇਗਾ। ਸ਼ੋਰੂਮ ਦੀ ਸ਼ੁਰੂਆਤ ਮੌਕੇ ਪਹੁੰਚੀਆਂ ਪ੍ਰਮੁੱਖ ਸ਼ਖਸੀਅਤਾਂ ਨੇ ਮੋਨੂੰ ਟੈਲੀਕੌਮ ਵੱਲੋਂ ਗਾਹਕਾਂ ਨੂੰ ਦਿੱਤੀਆਂ ਜਾਣ ਵਾਲੀਆਂ ਸੁਵਿਧਾਵਾਂ ਦੀ ਸ਼ਲਾਘਾ ਕੀਤੀ ਅਤੇ ਪ੍ਰਬੰਧਕਾਂ ਦਾ ਤਹਿ ਦਿਲੋਂ ਧੰਨਵਾਦ ਪ੍ਰਗਟਾਇਆ।

# ਆਪਣੀ ਇਤਿਹਾਸਕ ਪਛਾਣ ਅਤੇ ਅਮੀਰ ਵਿਰਸੇ ਦੀ ਰੱਖਿਆ ਲਈ ਸਮੂਹ ਸੰਗਤਾਂ ਸ਼ਾਂਤਮਈ ਢੰਗ ਨਾਲ ਹੋਣ ਇੱਕਜੁੱਟ : ਸੰਤ ਕੁਲਵੰਤ ਰਾਮ ਭਰੋਮਜਾਰਾ

## ਸਾਲ 1931 ਦੀ ਜਨਗਣਨਾ ਵਾਂਗ 'ਆਦਿ ਧਰਮ' ਦਾ ਖਾਨਾ ਮੁੜ ਬਹਾਲ ਕਰਨ ਦੀ ਉੱਠੀ ਜ਼ੋਰਦਾਰ ਮੰਗ, ਦੇਸ਼-ਵਿਦੇਸ਼ ਦੀਆਂ ਸੰਗਤਾਂ 'ਚ ਚਰਚਾ ਤੇਜ਼

**ਹੁਸ਼ਿਆਰਪੁਰ 10 ਜੁਲਾਈ ( ਤਰਸੇਮ ਦੀਵਾਨਾ ) –** ਸ੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਸੁਸਾਇਟੀ (ਰਜਿ.) ਪੰਜਾਬ ਦੇ ਪ੍ਰਧਾਨ ਸੰਤ ਕੁਲਵੰਤ ਰਾਮ ਭਰੋਮਜਾਰਾ ਵੱਲੋਂ ਸਮੂਹ ਸੰਗਤਾਂ ਦੇ ਨਾਂ ਇੱਕ ਬੇਹੱਦ ਅਹਿਮ ਤੇ ਵਿਸ਼ੇਸ਼ ਸੰਦੇਸ਼ ਜਾਰੀ ਕੀਤਾ ਗਿਆ ਹੈ, ਜਿਸ ਤੋਂ ਬਾਅਦ ਦੇਸ਼ ਅਤੇ ਵਿਦੇਸ਼ਾਂ ਵਿੱਚ ਵੱਸਦੀਆਂ ਸੰਗਤਾਂ ਦਰਮਿਆਨ 'ਆਦਿ ਧਰਮ' ਦੀ ਪਛਾਣ ਅਤੇ ਸਾਲ 1931 ਵਾਲੇ ਖਾਨੇ ਦੀ ਮੁੜ ਬਹਾਲੀ ਨੂੰ ਲੈ ਕੇ ਚਰਚਾ ਕਾਫੀ ਤੇਜ਼ ਹੋ ਗਈ ਹੈ। ਸੰਤ ਕੁਲਵੰਤ ਰਾਮ ਨੇ ਆਪਣੇ ਸੰਦੇਸ਼ ਵਿੱਚ ਜ਼ੋਰ ਦੇ ਕੇ ਕਿਹਾ ਕਿ 'ਆਦਿ ਧਰਮ' ਸਾਡੀ ਇਤਿਹਾਸਕ ਪਛਾਣ, ਵਿਰਾਸਤ ਅਤੇ ਅਸਲ ਧਾਰਮਿਕ ਪਛਾਣ ਹੈ, ਜਿਸ ਨੂੰ ਸੰਭਾਲਣਾ ਅਤੇ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਉਣਾ ਸਾਡੇ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਸਿੱਖਿਆਵਾਂ ਸਮੁੱਚੀ ਮਨੁੱਖਤਾ, ਬਰਾਬਰੀ, ਆਪਸੀ ਭਾਈਚਾਰੇ ਅਤੇ ਸਮਾਜਿਕ ਨਿਆਂ ਦਾ ਹੋਕਾ ਦਿੰਦੀਆਂ ਹਨ। 'ਆਦਿ ਧਰਮ' ਸਿਰਫ਼ ਇੱਕ ਨਾਮ ਨਹੀਂ, ਸਗੋਂ ਸਮਾਨਤਾ, ਸਤਿਕਾਰ ਅਤੇ ਮਨੁੱਖੀ ਅਧਿਕਾਰਾਂ ਦੀ ਇੱਕ ਮਹਾਨ ਵਿਚਾਰਧਾਰਾ ਦਾ ਪ੍ਰਤੀਕ ਹੈ। ਉਹਨਾਂ ਇਤਿਹਾਸਕ ਤੱਥਾਂ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਸਾਲ 1931 ਦੀ ਜਨਗਣਨਾ ਵਿੱਚ "ਆਦਿ ਧਰਮ" ਲਈ ਇੱਕ ਵੱਖਰਾ ਖਾਨਾ ਮੌਜੂਦ ਸੀ, ਜਿਸ ਵਿੱਚ ਲੱਖਾਂ ਦੀ ਗਿਣਤੀ ਵਿੱਚ ਲੋਕਾਂ ਨੇ ਆਪਣੀ ਪਛਾਣ 'ਆਦਿ ਧਰਮੀ' ਵਜੋਂ ਦਰਜ ਕਰਵਾਈ ਸੀ। "ਆਦਿ ਧਰਮ" ਲਹਿਰ ਨੇ ਸਮਾਜ ਨੂੰ ਆਪਣੀ ਵੱਖਰੀ ਪਛਾਣ ਅਤੇ ਸਵੈ-ਮਾਣ ਨਾਲ ਜੀਵਨ ਬਤੀਤ ਕਰਨ ਦਾ ਇੱਕ ਨਵਾਂ ਰਾਹ




ਦਿਖਾਇਆ ਸੀ। ਬਾਬੂ ਮੰਗੂ ਰਾਮ ਮੁਗੋਵਾਲ ਵੱਲੋਂ ਕੀਤੇ ਗਏ ਲੰਮੇ ਅਤੇ ਅਣਥੱਕ ਸੰਘਰਸ਼ ਤੋਂ ਬਾਅਦ ਹੀ "ਆਦਿ" ਧਰਮ ਦਾ ਇਹ ਖਾਨਾ ਬਹਾਲ ਹੋਇਆ ਸੀ। ਉਨ੍ਹਾਂ ਅਫ਼ਸੋਸ ਜਤਾਇਆ ਕਿ ਸਮੇਂ ਦੇ ਨਾਲ ਇਸ ਅਹਿਮ ਖਾਨੇ ਨੂੰ ਜਨਗਣਨਾ ਵਿੱਚੋਂ ਹਟਾ ਦਿੱਤਾ ਗਿਆ, ਜਿਸ ਕਾਰਨ "ਆਦਿ ਧਰਮ" ਨਾਲ ਜੁੜੇ ਲੋਕਾਂ ਦੀ ਇਤਿਹਾਸਕ ਪਛਾਣ ਨੂੰ ਇੱਕ ਵੱਡਾ ਨੁਕਸਾਨ ਪਹੁੰਚਿਆ। ਅੱਜ ਇੱਕ ਵਾਰ ਫਿਰ ਦੇਸ਼-ਵਿਦੇਸ਼ ਦੀਆਂ ਸੰਗਤਾਂ ਵੱਲੋਂ ਇਹ ਮੰਗ ਜ਼ੋਰ-ਸ਼ੋਰ ਨਾਲ ਉੱਠ ਰਹੀ ਹੈ ਕਿ ਜਨਗਣਨਾ ਵਿੱਚ ਆਦਿ ਧਰਮ ਦੇ ਖਾਨੇ ਨੂੰ ਮੁੜ ਬਹਾਲ ਕੀਤਾ ਜਾਵੇ, ਤਾਂ ਜੋ ਇਸ ਧਰਮ ਨਾਲ ਸਬੰਧਤ ਲੋਕ ਆਪਣੀ ਅਸਲ ਧਾਰਮਿਕ ਪਛਾਣ ਨੂੰ ਸਰਕਾਰੀ ਅੰਕੜਿਆਂ ਵਿੱਚ ਦਰਜ ਕਰਵਾ ਸਕਣ। ਸੰਤ ਕੁਲਵੰਤ ਰਾਮ ਨੇ ਸਮੂਹ ਸੰਗਤਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਉਹ ਆਪਣੇ ਇਤਿਹਾਸ, ਅਮੀਰ ਵਿਰਸੇ ਅਤੇ ਮਹਾਨ ਸੰਤ ਪਰੰਪਰਾ ਨਾਲ ਮਜ਼ਬੂਤੀ ਨਾਲ ਜੁੜੇ ਰਹਿਣ। ਉਨ੍ਹਾਂ ਕਿਹਾ ਕਿ ਆਪਣੀ ਪਛਾਣ ਦੀ ਰੱਖਿਆ ਕਰਨਾ ਹਰ ਸਮਾਜ ਦਾ ਮੂਲ ਅਧਿਕਾਰ ਹੈ। ਉਨ੍ਹਾਂ ਸੰਗਤਾਂ ਨੂੰ ਸ਼ਾਂਤਮਈ ਢੰਗ ਨਾਲ ਇੱਕਜੁੱਟ ਹੋ ਕੇ ਆਪਣੀ ਇਸ ਜਾਇਜ਼ ਮੰਗ ਨੂੰ ਸਰਕਾਰ ਤੱਕ ਪਹੁੰਚਾਉਣ ਦਾ ਸੱਦਾ ਦਿੱਤਾ, ਤਾਂ ਜੋ ਕੌਮ ਦੀ ਵਿਰਾਸਤ ਨੂੰ ਸੁਰੱਖਿਅਤ ਰੱਖਿਆ ਜਾ ਸਕੇ।

**ਫੋਟੋ ਅਜਮੇਰ ਦੀਵਾਨਾ**

# 11 ਤੇ 12 ਜੁਲਾਈ ਨੂੰ ਜ਼ਿਲ੍ਹੇ ਦੇ ਸਮੂਹ ਪੋਲਿੰਗ ਬੂਥਾਂ 'ਤੇ ਲੱਗਣਗੇ ਦੋ ਰੋਜ਼ਾ ਵਿਸ਼ੇਸ਼ ਐਸ.ਆਈ.ਆਰ. ਕੈਂਪ - ਡਿਪਟੀ ਕਮਿਸ਼ਨਰ

## ਬੀ.ਐਲ.ਓਜ਼ ਸਵੇਰੇ 8 ਵਜੇ ਤੋਂ ਦੁਪਹਿਰ 3 ਵਜੇ ਤੱਕ ਰਹਿਣਗੇ ਹਾਜ਼ਰ

**ਨਵਾਂਸ਼ਹਿਰ (ਸਤਨਾਮ ਸਿੰਘ ਸਹੁੰਗੜਾ)** ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ, ਸ਼ਹੀਦ ਭਗਤ ਸਿੰਘ ਨਗਰ, ਗੁਲਪ੍ਰੀਤ ਸਿੰਘ ਔਲਖ ਨੇ ਸ਼ੁੱਕਰਵਾਰ ਨੂੰ ਜ਼ਿਲ੍ਹੇ ਦੇ ਸਮੂਹ ਯੋਗ ਵੋਟਰਾਂ ਨੂੰ 11 ਅਤੇ 12 ਜੁਲਾਈ ਨੂੰ ਜ਼ਿਲ੍ਹੇ ਦੇ ਹਰੇਕ ਪੋਲਿੰਗ ਬੂਥ 'ਤੇ ਲਗਾਏ ਜਾ ਰਹੇ ਦੋ ਰੋਜ਼ਾ ਵਿਸ਼ੇਸ਼ ਇੰਟੈਂਸਿਵ ਰਵੀਜ਼ਨ (ਐਸ.ਆਈ.ਆਰ.)-2026 ਕੈਂਪਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਕੀਤੀ। ਵੇਰਵੇ ਸਾਂਝੇ ਕਰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਹ ਵਿਸ਼ੇਸ਼ ਕੈਂਪ ਐਸ.ਆਈ.ਆਰ.-2026 ਤਹਿਤ ਚੱਲ ਰਹੇ ਘਰ-ਘਰ ਗਣਨਾ ਪੜਾਅ ਦਾ ਹਿੱਸਾ ਹਨ, ਜੋ ਕਿ 25 ਜੂਨ ਤੋਂ ਸ਼ੁਰੂ ਹੋਇਆ ਸੀ ਅਤੇ 24 ਜੁਲਾਈ ਤੱਕ ਜਾਰੀ ਰਹੇਗਾ। ਉਨ੍ਹਾਂ ਦੱਸਿਆ ਕਿ ਸਮੂਹ ਬੂਥ ਲੈਵਲ ਅਫ਼ਸਰ (ਬੀ.ਐਲ.ਓ.) ਦੋਵੇਂ ਦਿਨ ਸਵੇਰੇ 8:00 ਵਜੇ ਤੋਂ ਦੁਪਹਿਰ 3:00 ਵਜੇ ਤੱਕ ਆਪਣੇ-ਆਪਣੇ ਪੋਲਿੰਗ ਸਟੇਸ਼ਨਾਂ 'ਤੇ ਮੌਜੂਦ ਰਹਿਣਗੇ ਤਾਂ ਜੋ ਵੋਟਰਾਂ ਨੂੰ ਗਣਨਾ ਫਾਰਮ ਭਰਨ ਅਤੇ ਜਮ੍ਹਾ ਕਰਵਾਉਣ ਵਿੱਚ ਸਹਾਇਤਾ ਪ੍ਰਦਾਨ ਕੀਤੀ ਜਾ ਸਕੇ। ਸ੍ਰੀ ਔਲਖ ਨੇ ਕਿਹਾ ਕਿ ਇਹ ਕੈਂਪ ਗਣਨਾ ਫਾਰਮਾਂ ਨੂੰ



ਇਕੱਤਰ ਤੇ ਡਿਜੀਟਾਈਜ਼ੇਸ਼ਨ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਲਗਾਏ ਜਾ ਰਹੇ ਹਨ ਕਿ ਕੋਈ ਵੀ ਯੋਗ ਵੋਟਰ, ਵੋਟਰ ਸੂਚੀ ਵਿੱਚ ਸ਼ਾਮਲ ਹੋਣ ਤੋਂ ਵਾਂਝਾ ਨਾ ਰਹਿ ਜਾਵੇ। ਉਨ੍ਹਾਂ ਅਪੀਲ ਕੀਤੀ ਕਿ ਜਿਨ੍ਹਾਂ ਵੋਟਰਾਂ ਨੇ ਅਜੇ ਤੱਕ ਆਪਣੇ ਫਾਰਮ ਨਹੀਂ ਭਰੇ, ਉਹ ਆਪਣੇ ਬੀ.ਐਲ.ਓ. ਨਾਲ ਸੰਪਰਕ ਕਰਨ ਜਾਂ ਇਸ ਵਿਸ਼ੇਸ਼ ਮੁਹਿੰਮ ਦੌਰਾਨ ਨਜ਼ਦੀਕੀ ਪੋਲਿੰਗ ਬੂਥ 'ਤੇ ਪਹੁੰਚਣ। ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਘੱਟ ਕਵਰੇਜ ਵਾਲੇ ਖੇਤਰਾਂ ਵਿੱਚ ਫਾਰਮਾਂ ਨੂੰ ਇਕੱਤਰ ਕਰਨ ਅਤੇ ਡਿਜੀਟਾਈਜ਼ੇਸ਼ਨ 'ਤੇ ਵਿਸ਼ੇਸ਼ ਜ਼ੋਰ ਦਿੱਤਾ ਜਾਵੇਗਾ, ਜਦਕਿ ਜਿਨ੍ਹਾਂ ਬੀ.ਐਲ.ਓਜ਼ ਨੇ ਪਹਿਲਾਂ ਹੀ ਮਹੱਤਵਪੂਰਣ ਪ੍ਰਗਤੀ ਹਾਸਲ ਕਰ ਲਈ ਹੈ, ਉਹ ਬਾਕੀ ਰਹਿੰਦੀ ਡਿਜੀਟਾਈਜ਼ੇਸ਼ਨ ਨੂੰ ਪੂਰਾ ਕਰਨ ਅਤੇ ਕਿਸੇ ਵੀ ਤਰ੍ਹਾਂ ਦੀਆਂ ਕਮੀਆਂ-ਪੇਸ਼ੀਆਂ ਨੂੰ ਦੂਰ ਕਰਨ 'ਤੇ ਧਿਆਨ ਕੇਂਦਰਿਤ ਕਰਨਗੇ। ਉਨ੍ਹਾਂ ਅੱਗੇ ਕਿਹਾ ਕਿ ਵੱਧ ਤੋਂ ਵੱਧ ਲੋਕਾਂ ਦੀ ਭਾਗੀਦਾਰੀ ਯਕੀਨੀ ਬਣਾਉਣ ਲਈ ਵੱਖ-ਵੱਖ ਜਾਗਰੂਕਤਾ ਮੁਹਿੰਮਾਂ ਰਾਹੀਂ ਲੋਕਾਂ ਨੂੰ ਜਾਗਰੂਕ ਵੀ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸਕੂਲਾਂ, ਮਾਲ ਵਿਭਾਗ, ਸ਼ਹਿਰੀ ਸਥਾਨਕ ਸਰਕਾਰਾਂ ਅਤੇ ਆਂਗਣਵਾੜੀ ਵਰਕਰਾਂ ਦੇ ਸਟਾਫ ਨੂੰ ਵੀ ਕੈਂਪਾਂ ਦੌਰਾਨ ਬੀ.ਐਲ.ਓਜ਼ ਦੀ ਸਹਾਇਤਾ ਲਈ ਤਾਇਨਾਤ ਕੀਤਾ ਗਿਆ ਹੈ।ਉਨ੍ਹਾਂ ਦੁਹਰਾਇਆ ਕਿ ਜ਼ਿਲ੍ਹੇ ਵਿੱਚ ਸਹੀ ਅਤੇ ਸਮਾਵੇਸ਼ੀ ਵੋਟਰ ਸੂਚੀਆਂ ਤਿਆਰ ਕਰਨ ਲਈ ਲੋਕਾਂ ਦੀ ਸਰਗਰਮ ਭਾਗੀਦਾਰੀ ਬਹੁਤ ਜ਼ਰੂਰੀ ਹੈ।

# ਹਰਪ੍ਰੀਤ ਜੋਸ਼ਨ ਮਹਿਮੂਦਪੁਰ ਮੰਡਾਰ ਯੂਥ ਅਕਾਲੀ ਦਲ ਸਰਕਲ ਮਾਣੇਵਾਲ ਦੇ ਪ੍ਰਧਾਨ ਨਿਯੁਕਤ; ਸੰਦੀਪ ਚੌਧਰੀ (ਹਨੀ ਟੌਂਸਾ) ਨੇ ਸੌਂਪਿਆ ਨਿਯੁਕਤੀ ਪੱਤਰ

**ਬਲਾਚੌਰ, 10 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ):** ਸ਼੍ਰੋਮਣੀ ਅਕਾਲੀ ਦਲ (ਬਾਦਲ) ਵੱਲੋਂ ਸੰਗਠਨਾਤਮਕ ਢਾਂਚੇ ਨੂੰ ਮਜ਼ਬੂਤ ਕਰਦਿਆਂ ਅੱਜ ਯੂਥ ਵਿੰਗ ਵਿੱਚ ਅਹਿਮ ਨਿਯੁਕਤੀ ਕੀਤੀ ਗਈ ਹੈ। ਹਲਕਾ ਬਲਾਚੌਰ ਦੇ ਹਲਕਾ ਇੰਚਾਰਜ ਅਤੇ ਸੀਨੀਅਰ ਅਕਾਲੀ ਆਗੂ ਸੰਦੀਪ ਚੌਧਰੀ (ਹਨੀ ਟੌਂਸਾ) ਵੱਲੋਂ ਅੱਜ ਪਿੰਡ ਮਹਿਮੂਦਪੁਰ ਮੰਡਾਰ ਦੇ ਨੌਜਵਾਨ ਆਗੂ ਹਰਪ੍ਰੀਤ ਜੋਸ਼ਨ ਨੂੰ ਯੂਥ ਵਿੰਗ ਸਰਕਲ ਮਾਣੇਵਾਲ ਦਾ ਪ੍ਰਧਾਨ ਨਿਯੁਕਤ ਕੀਤੇ ਜਾਣ 'ਤੇ ਵਿਸ਼ੇਸ਼ ਤੌਰ 'ਤੇ ਨਿਯੁਕਤੀ ਪੱਤਰ ਸੌਂਪਿਆ ਗਿਆ।

ਇਸ ਮੌਕੇ ਹਰਪ੍ਰੀਤ ਜੋਸ਼ਨ ਨੂੰ ਮੁਬਾਰਕਬਾਦ ਦਿੰਦਿਆਂ ਹਲਕਾ ਇੰਚਾਰਜ ਸੰਦੀਪ ਚੌਧਰੀ (ਹਨੀ ਟੌਂਸਾ) ਨੇ ਉਮੀਦ ਜਤਾਈ ਕਿ ਉਹ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਅਤੇ ਨੌਜਵਾਨ ਵਰਗ ਨੂੰ ਪਾਰਟੀ ਨਾਲ



ਜੋੜਨ ਵਿੱਚ ਅਹਿਮ ਭੂਮਿਕਾ ਨਿਭਾਉਣਗੇ। ਆਪਣੀ ਇਸ ਨਿਯੁਕਤੀ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਨਵ-ਨਿਯੁਕਤ ਸਰਕਲ ਪ੍ਰਧਾਨ ਹਰਪ੍ਰੀਤ ਜੋਸ਼ਨ ਨੇ ਪਾਰਟੀ ਹਾਈਕਮਾਂਡ ਅਤੇ ਹਲਕਾ ਇੰਚਾਰਜ ਸੰਦੀਪ ਚੌਧਰੀ ਦਾ ਤਹਿ ਦਿਲੋਂ ਧੰਨਵਾਦ ਪ੍ਰਗਟਾਇਆ। ਉਨ੍ਹਾਂ ਭਰੋਸਾ ਦਿਵਾਇਆ ਕਿ ਉਹ ਉਨ੍ਹਾਂ ਨੂੰ ਸੌਂਪੀ ਗਈ ਇਸ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ, ਇਮਾਨਦਾਰੀ ਅਤੇ ਵਫ਼ਾਦਾਰੀ ਨਾਲ ਨਿਭਾਉਣਗੇ ਅਤੇ ਸਰਕਲ ਮਾਣੇਵਾਲ ਵਿੱਚ ਯੂਥ ਵਿੰਗ ਨੂੰ ਹੋਰ ਵਧੇਰੇ ਮਜ਼ਬੂਤ ਕਰਨ ਲਈ ਦਿਨ-ਰਾਤ ਮਿਹਨਤ ਕਰਨਗੇ। ਇਸ ਮੌਕੇ ਸੁਰਜੀਤ ਕੋਹਲੀ ਮਾਲੇਵਾਲ, ਤਰਲੋਚਨ ਸਿੰਘ ਰੱਕੜ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਬਲਾਚੌਰ, ਦਲਜੀਤ ਸਿੰਘ ਮਾਣੇਵਾਲ ਆਦਿ ਹਾਜ਼ਰ ਸਨ।

# ਫਿਲਮ 'ਸਤਲੁਜ' 'ਤੇ ਪਾਬੰਦੀ ਲਗਾ ਕੇ ਇਤਿਹਾਸਕ ਸੱਚਾਈ ਨੂੰ ਦਬਾਇਆ ਨਹੀਂ ਜਾ ਸਕਦਾ : ਭੁਪਿੰਦਰ ਸਿੰਘ ਪਿੰਕੀ

**ਹੁਸ਼ਿਆਰਪੁਰ, 10 ਜੁਲਾਈ ( ਤਰਸੇਮ ਦੀਵਾਨਾ )** - ਭਾਈ ਜਸਵੰਤ ਸਿੰਘ ਖਾਲੜਾ ਦੇ ਜੀਵਨ ਸੰਘਰਸ਼ ਤੇ ਬਣੀ ਫਿਲਮ 'ਸਤਲੁਜ' ਤੇ ਲੱਗੀ ਪਾਬੰਦੀ ਦੇ ਸੰਦਰਭ ਵਿਚ ਗੁਰਮਤਿ ਪ੍ਰਚਾਰ ਸੇਵਾ ਸੁਸਾਇਟੀ ਮੁਕੇਰੀਆਂ ਦੇ ਮੁੱਖ ਸੇਵਾਦਾਰ ਅਤੇ ਉੱਘੇ ਸਮਾਜ ਸੇਵਕ ਭੁਪਿੰਦਰ ਸਿੰਘ ਪਿੰਕੀ ਨੇ ਪੱਤਰਕਾਰਾਂ ਨਾਲ ਨੂੰ ਗੱਲਬਾਤ ਕਰਦਿਆਂ ਕਿਹਾ ਕਿ ਭਾਈ ਜਸਵੰਤ ਸਿੰਘ ਖਾਲੜਾ ਦੇ ਜੀਵਨ, ਮਨੁੱਖੀ ਅਧਿਕਾਰਾਂ ਲਈ ਉਨ੍ਹਾਂ ਵੱਲੋਂ ਕੀਤੇ ਅਦੁੱਤੀ ਕਾਰਜਾਂ ਤੇ ਪੁਲਿਸ ਵੱਲੋਂ ਸਿੱਖ ਨੌਜੁਆਨਾਂ ਨਾਲ ਕੀਤੀਆਂ ਵਧੀਕੀਆਂ ਤੇ ਆਧਾਰਿਤ ਫਿਲਮ 'ਸਤਲੁਜ' ਨੂੰ ਰੀਲੀਜ਼ ਹੋਣ ਤੋਂ ਕੁਝ ਸਮਾਂ ਬਾਅਦ ਹੀ ਭਾਰਤ ਵਿਚ ਜੀ ਨੈਟਵਰਕ ਤੋਂ ਮਨਮਾਨੇ ਢੰਗ ਨਾਲ ਹਟਾਏ ਜਾਣ ਦੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ।

ਭੁਪਿੰਦਰ ਸਿੰਘ ਪਿੰਕੀ ਨੇ ਕਿਹਾ ਕਿ 1984 ਤੋਂ ਬਾਅਦ ਪੁਲਿਸ ਨੇ ਹਜ਼ਾਰਾਂ ਬੇਗੁਨਾਹ ਨੌਜੁਆਨਾਂ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਤੇ ਲਾਵਾਰਿਸ ਕਹਿ ਕੇ ਸਾੜ ਦਿੱਤਾ। ਭਾਈ ਜਸਵੰਤ ਸਿੰਘ ਖਾਲੜਾ ਨੇ ਪੰਜਾਬ ਦੇ ਦਰਦਨਾਕ ਇਤਿਹਾਸ ਦੇ ਉਸ ਦਰਦਨਾਕ ਦੌਰ ਨੂੰ ਦੁਨੀਆਂ ਸਾਹਮਣੇ ਲਿਆਉਣ ਲਈ ਆਪਣਾ ਸਾਰਾ ਜੀਵਨ ਸਮਰਪਿਤ



ਕਰ ਦਿੱਤਾ। ਉਨ੍ਹਾਂ ਵੱਲੋਂ ਕੀਤੇ ਯਤਨਾਂ ਨਾਲ ਹਜ਼ਾਰਾਂ ਪਰਿਵਾਰਾਂ ਨੂੰ ਇਨਸਾਫ ਦੀ ਆਸ ਬੱਝੀ ਸੀ, ਜਿਨ੍ਹਾਂ ਦੇ ਨੌਜੁਆਨ ਪੁੱਤਰ ਲਾਪਤਾ ਕਰ ਦਿੱਤੇ ਗਏ ਸਨ। ਉਨ੍ਹਾਂ ਕਿਹਾ ਕਿ ਦੁੱਖਦਾਈ ਪਹਿਲੂ ਇਹ ਹੈ ਕਿ ਲੋਕਾਂ ਦੀ ਆਸ ਬਣੇ ਭਾਈ ਖਾਲੜਾ ਦੇ ਜੀਵਨ ਤੇ ਬਣੀ ਇਸ ਫਿਲਮ ਵਿਚ ਇਤਿਹਾਸ ਦੇ ਤੱਥਾਂ, ਮਨੁੱਖੀ ਅਧਿਕਾਰਾਂ ਤੇ ਸਮਾਜਿਕ ਸੱਚਾਈ ਨੂੰ ਸਾਹਮਣੇ ਲਿਆਂਦਾ ਗਿਆ ਹੈ। ਜਿਸ ਨੂੰ ਖੁੱਲ੍ਹੇ ਮਨ ਨਾਲ ਦੇਖਿਆ ਤੇ ਵਿਚਾਰਿਆ ਜਾਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਸਿੱਖਾਂ ਤੇ ਹੋਏ ਸਰਕਾਰੀ ਅੱਤਿਆਚਾਰ ਨੂੰ ਲੁਕਾਉਣ ਦੇ ਯਤਨ ਕਦੇ ਵੀ ਸਫਲ ਨਹੀਂ ਹੋ ਸਕਦੇ। ਜਿਨ੍ਹਾਂ ਨੌਜੁਆਨਾਂ ਨੂੰ ਸ਼ਹੀਦ ਕਰਨ ਮਗਰੋਂ ਲਾਵਾਰਿਸ ਕਹਿ ਕੇ ਸਾੜ ਦਿੱਤਾ ਗਿਆ ਸੀ, ਉਨ੍ਹਾਂ ਕੇਸਾਂ ਵਿਚ ਅੱਜ ਮਾਨਯੋਗ ਅਦਾਲਤਾਂ ਵੱਲੋਂ ਉਸ ਵੇਲੇ ਦੇ ਪੁਲਿਸ ਅਧਿਕਾਰੀਆਂ ਨੂੰ ਸਜ਼ਾਵਾਂ ਦਿੱਤੀਆਂ ਜਾ ਰਹੀਆਂ ਹਨ, ਅਦਾਲਤ ਦੇ ਇਸ ਫੈਸਲੇ ਤੋਂ ਕਿਵੇਂ ਮੂੰਹ ਮੋੜੇ ਜਾਣਗੇ। ਉਨ੍ਹਾਂ ਕਿਹਾ ਕਿ ਨਾਂ ਤਾਂ ਇਤਿਹਾਸ ਦੇ ਪੰਨਿਆਂ ਨੂੰ ਮਿਟਾਇਆ ਜਾ ਸਕਦਾ ਹੈ ਤੇ ਨਾ ਹੀ ਕਿਸੇ ਪਾਬੰਦੀ ਰਾਹੀਂ ਸੱਚ ਨੂੰ ਦਬਾਇਆ ਜਾ ਸਕਦਾ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਣੇ ਦੁਨੀਆਂ ਭਰ ਦੇ ਇਨਸਾਫ ਪਸੰਦ ਲੋਕਾਂ ਨੂੰ ਆਪਣੇ ਇਤਿਹਾਸ ਨੂੰ ਜਾਣਨ, ਸਮਝਣ ਤੇ ਉਸ ਤੋਂ ਸਿੱਖਣ ਦਾ ਪੂਰਾ ਅਧਿਕਾਰ ਹੈ। ਲੋਕਤੰਤਰ ਵਿਚ ਵਿਚਾਰਾਂ ਦੀ ਵਿਭਿੰਨਤਾ ਤੇ ਇਤਿਹਾਸਕ ਸੱਚਾਈ ਨੂੰ ਸਾਹਮਣੇ ਰੱਖਣ ਵਾਲੀਆਂ ਰਚਨਾਵਾਂ ਤੇ ਰੋਕ ਲਗਾਉਣਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਇਹ ਕਦਮ ਸੱਚਾਈ ਸਾਹਮਣੇ ਲਿਆਉਣ ਵਾਲੀਆਂ ਆਵਾਜ਼ਾਂ ਨੂੰ ਚੁੱਪ ਕਰਾਉਣ ਦੀ ਕੋਸ਼ਿਸ਼ ਘਿਨਾਉਣੀ ਹਰਕਤ ਵਜੋਂ ਦੇਖਿਆ ਜਾਵੇਗਾ। ਉਨ੍ਹਾਂ ਨੇ ਮੰਗ ਕੀਤੀ ਕਿ ਭਾਈ ਜਸਵੰਤ ਸਿੰਘ ਖਾਲੜਾ ਦੀ ਕੁਰਬਾਨੀ ਮਨੁੱਖੀ ਅਧਿਕਾਰਾਂ ਦੀ ਰੱਖਿਆ ਤੇ ਸੱਚ ਦੀ ਜਿੱਤ ਲਈ ਸਦਾ ਪ੍ਰੇਰਨਾ ਸਰੋਤ ਰਹੇਗੀ ਤੇ ਇਤਿਹਾਸ ਦੇ ਪੰਨਿਆਂ ਤੇ ਸੱਚ ਨੂੰ ਦਬਾਉਣ ਦੇ ਯਤਨ ਕਦੇ ਕਾਮਯਾਬ ਨਹੀਂ ਹੋ ਸਕਦੇ।

# ਫ਼ਿਲਮ 'ਸਤਲੁਜ' ਰਾਹੀਂ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਸ਼ਹਾਦਤ ਅਤੇ ਸਿੱਖਾਂ 'ਤੇ ਹੋਏ ਜ਼ੁਲਮਾਂ ਦੀ ਸੱਚਾਈ ਸੰਸਾਰ ਪੱਧਰ 'ਤੇ ਹੋਈ ਉਜਾਗਰ : ਬਰਿੰਦਰ ਸਿੰਘ ਪ੍ਰਮਾਰ

**ਹੁਸ਼ਿਆਰਪੁਰ, 10 ਜੁਲਾਈ ( ਤਰਸੇਮ ਦੀਵਾਨਾ )** - ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਜ਼ਿਲ੍ਹਾ ਸਕੱਤਰ ਜਨਰਲ ਬਰਿੰਦਰ ਸਿੰਘ ਪਰਮਾਰ ਨੇ ਕੁਝ ਚੋਣਵੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੇਂਦਰ ਸਰਕਾਰ ਵੱਲੋਂ ਭਾਈ ਜਸਵੰਤ ਸਿੰਘ ਖਾਲੜਾ ਦੇ ਜੀਵਨ ਅਤੇ ਸ਼ਹਾਦਤ 'ਤੇ ਆਧਾਰਿਤ ਫ਼ਿਲਮ 'ਸਤਲੁਜ' 'ਤੇ ਲਗਾਏ ਗਏ ਬੈਨ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ ਅਤੇ ਕਿਹਾ ਕਿ ਇਸ ਫ਼ੈਸਲੇ ਨਾਲ ਇੱਕ ਵਾਰ ਫਿਰ ਸਿੱਖ ਕੌਮ ਅਤੇ ਪੰਜਾਬੀਆਂ ਦੇ ਮਨਾਂ ਨੂੰ ਭਾਰੀ ਠੇਸ ਪਹੁੰਚੀ ਹੈ।

ਬਰਿੰਦਰ ਸਿੰਘ ਪਰਮਾਰ ਨੇ ਕਿਹਾ ਕਿ ਜਦੋਂ ਵੀ ਦੇਸ਼, ਸੂਬੇ ਜਾਂ ਕੌਮ ਦੀ ਲੀਡਰਸ਼ਿਪ ਕਮਜ਼ੋਰ ਹੋ ਜਾਂਦੀ ਹੈ ਤਾਂ ਕੌਮਾਂ ਨੂੰ ਉਸਦੀ ਭਾਰੀ ਕੀਮਤ ਚੁਕਾਉਣੀ ਪੈਂਦੀ ਹੈ। ਉਨ੍ਹਾਂ ਕਿਹਾ ਕਿ ਇਹ ਬਹੁਤ ਵੱਡੀ ਤਰਾਸਦੀ ਹੈ ਕਿ ਕੇਂਦਰ ਵਿੱਚ ਸਰਕਾਰ ਭਾਵੇਂ ਕਿਸੇ ਦੀ ਵੀ ਰਹੇ, ਪੰਜਾਬ ਅਤੇ ਸਿੱਖਾਂ ਨਾਲ ਬੇਇਨਸਾਫ਼ੀਆਂ ਹਮੇਸ਼ਾ ਉਸੇ ਤਰ੍ਹਾਂ ਜਾਰੀ ਰਹਿੰਦੀਆਂ ਹਨ। 'ਸਤਲੁਜ' ਫ਼ਿਲਮ ਨੇ ਜਿਸ ਤਰ੍ਹਾਂ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਮਹਾਨ ਸ਼ਹਾਦਤ ਨੂੰ ਸੰਸਾਰ ਪੱਧਰ 'ਤੇ ਉਜਾਗਰ ਕੀਤਾ ਹੈ, ਉਸਨੇ ਸਮੁੱਚੀ ਸਿੱਖ ਕੌਮ ਨੂੰ ਇੱਕ ਵੱਡਾ ਸੁਨੇਹਾ ਦਿੱਤਾ ਹੈ।

ਉਨ੍ਹਾਂ ਅੱਗੇ ਕਿਹਾ ਕਿ ਇਹ ਫ਼ਿਲਮ ਭਾਵੇਂ ਅੱਜ ਹਰ ਵਿਅਕਤੀ ਤੱਕ ਪਹੁੰਚ ਚੁੱਕੀ ਹੈ, ਪਰ ਸਾਡੀ ਸਮੂਹਿਕ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਸਮੁੱਚੀਆਂ ਗੁਰਦੁਆਰਾ ਕਮੇਟੀਆਂ, ਸਿੱਖ ਸੰਸਥਾਵਾਂ ਅਤੇ ਜੋ ਵੀ ਮਨੁੱਖੀ ਅਧਿਕਾਰਾਂ ਲਈ ਕੰਮ ਕਰ ਰਹੀਆਂ ਜਥੇਬੰਦੀਆਂ ਹਨ, ਉਨ੍ਹਾਂ ਨੂੰ ਬੇਨਤੀ ਕਰੀਏ ਕਿ ਇਸ ਫ਼ਿਲਮ ਨੂੰ ਗੁਰੂ ਘਰਾਂ ਅਤੇ ਹੋਰ ਜਨਤਕ ਥਾਵਾਂ 'ਤੇ ਦਿਖਾਇਆ ਜਾਵੇ। ਅਜਿਹਾ ਕਰਨ ਨਾਲ ਸਾਡੀ ਅੱਜ ਦੀ ਨੌਜਵਾਨ ਪੀੜ੍ਹੀ



ਨੂੰ ਇਹ ਪਤਾ ਲੱਗ ਸਕੇਗਾ ਕਿ ਸਾਡੇ ਮਹਾਨ ਸ਼ਹੀਦਾਂ ਅਤੇ ਯੋਧਿਆਂ ਦੇ ਕਿੰਨੇ ਉੱਚੇ ਅਤੇ ਸੁੱਚੇ ਕਿਰਦਾਰ ਸਨ।

ਬਰਿੰਦਰ ਸਿੰਘ ਪਰਮਾਰ ਨੇ ਕਿਹਾ ਕਿ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਉਹ ਮਹਾਨ ਸ਼ਹੀਦ ਹਨ ਜਿਨ੍ਹਾਂ ਨੇ ਹਜ਼ਾਰਾਂ ਬੇਗੁਨਾਹ ਸਿੱਖ ਨੌਜਵਾਨਾਂ, ਜਿਨ੍ਹਾਂ ਨੂੰ ਲਾਵਾਰਸ ਜਾਂ ਗੁੰਮਸ਼ੁਦਾ ਕਹਿ ਕੇ ਸਮੇਂ ਦੀ ਹਕੂਮਤ ਨੇ ਸ਼ਹੀਦ ਕਰ ਦਿੱਤਾ ਸੀ, ਉਨ੍ਹਾਂ ਸਬੰਧੀ ਸਾਰੇ ਪੁਖਤਾ ਦਸਤਾਵੇਜ਼ ਇਕੱਤਰ ਕੀਤੇ ਅਤੇ ਸਮੁੱਚੇ ਸੰਸਾਰ ਨੂੰ ਸੱਚਾਈ ਦਿਖਾਈ। ਉਸ ਦੌਰ ਵਿੱਚ ਸਿੱਖ ਕੌਮ ਦੇ ਬਜ਼ੁਰਗਾਂ, ਮਾਵਾਂ, ਧੀਆਂ, ਭੈਣਾਂ, ਨੌਜਵਾਨਾਂ ਅਤੇ ਬੱਚਿਆਂ ਉੱਪਰ ਕਿਸ ਤਰ੍ਹਾਂ ਦੇ ਅੰਨ੍ਹੇ ਜ਼ੁਲਮ ਅਤੇ ਤਸ਼ੱਦਦ ਢਾਹੇ ਗਏ, ਇਹ ਸਭ ਇਸ ਫ਼ਿਲਮ ਰਾਹੀਂ ਸਾਹਮਣੇ ਆਇਆ ਹੈ। ਸਮੇਂ ਦੀਆਂ ਸਰਕਾਰਾਂ ਦੇ ਹੁਕਮਾਂ 'ਤੇ ਬਦਨਾਮ ਪੁਲਿਸ ਅਧਿਕਾਰੀਆਂ ਨੇ ਜਿਸ ਤਰ੍ਹਾਂ ਬੇਗੁਨਾਹ ਸਿੱਖਾਂ ਦਾ ਕਤਲੇਆਮ ਕੀਤਾ, ਉਸਦੀ ਜਾਣਕਾਰੀ ਨੌਜਵਾਨ ਪੀੜ੍ਹੀ ਤੱਕ ਪਹੁੰਚਣੀ ਬੇਹੱਦ ਜ਼ਰੂਰੀ ਹੈ।

ਉਨ੍ਹਾਂ ਕਿਹਾ ਕਿ ਫ਼ਿਲਮ 'ਸਤਲੁਜ' ਰਾਹੀਂ ਦਲਜੀਤ ਦੁਸਾਂਝ ਵੱਲੋਂ ਕੀਤੇ ਗਏ ਇਸ ਉਪਰਾਲੇ ਲਈ ਸਮੁੱਚੀ ਸਿੱਖ ਕੌਮ ਅਤੇ ਪੰਜਾਬੀ ਹਮੇਸ਼ਾ ਰਿਣੀ ਰਹਿਣਗੇ। ਇਸ ਫ਼ਿਲਮ ਰਾਹੀਂ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਸਾਡੇ ਮਹਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਅਤੇ ਸਿੱਖਾਂ 'ਤੇ ਕੀਤੇ ਗਏ ਜ਼ੁਲਮਾਂ ਦੀ ਜਾਣਕਾਰੀ ਮਿਲੇਗੀ।

# ਐਸਸੀ ਸਮਾਜ ਤੇ ਲਾਠੀ ਚਾਰਜ ਕਰਨ ਵਾਲੇ ਮੇਰਠ ਦੇ ਐਸ ਐਸ ਪੀ ਅਵਿਨਾਸ਼ ਪਾਂਡੇ ਤੇ ਤੁਰੰਤ ਹੋਵੇ ਐਫ ਆਈ ਆਰ ਦਰਜ਼ : ਬੇਗਮਪੁਰਾ ਟਾਈਗਰ ਫੋਰਸ

## ਸੰਵਿਧਾਨ ਹਰੇਕ ਨਾਗਰਿਕ ਨੂੰ ਸ਼ਾਂਤਮਈ ਵਿਰੋਧ ਪ੍ਰਦਰਸ਼ਨ ਕਰਨ ਅਤੇ ਇਨਸਾਫ਼ ਮੰਗਣ ਦਾ ਅਧਿਕਾਰ ਦਿੰਦਾ ਹੈ : ਬੰਟੀ,ਰਾਜੂ,ਰਾਹੁਲ

**ਹੁਸ਼ਿਆਰਪੁਰ, 10 ਜੁਲਾਈ ( ਤਰਸੇਮ ਦੀਵਾਨਾ ) –** ਉੱਤਰ ਪ੍ਰਦੇਸ਼ ਦੇ ਮੇਰਠ ਵਿੱਚ ਇੱਕ ਦਲਿਤ ਧੀ ਲਲਿਤਾ ਗੌਤਮ ਜਿਸ ਨੂੰ ਪਹਿਲੇ ਕੁਝ ਦਰਿੰਦਿਆਂ ਨੇ ਪਹਿਲੇ ਉਸਨੂੰ ਅਗਵਾਹ ਕੀਤਾ ਅਤੇ ਉਸ ਤੋਂ ਬਾਅਦ ਉਸ ਦੇ ਨਾਲ ਰੇਪ ਕੀਤਾ ਰੇਪ ਕੀਤਾ ਤੇ ਉਸਤੋਂ ਬਾਅਦ ਉਸ ਉੱਪਰ ਤੇਜਾਬ ਪਾਕੇ ਉਸ ਦਾ ਕਤਲ ਕਰ ਦਿੱਤਾ ਗਿਆ ਜਿਸ ਤੇ ਲਲਿਤਾ ਗੌਤਮ ਦੇ ਹੋਏ ਬੇਰਹਿਮੀ ਨਾਲ ਕਤਲ ਦੇ ਮਾਮਲੇ ਦੇ ਸਬੰਧ ਵਿੱਚ ਇਨਸਾਫ਼ ਦੀ ਮੰਗ ਕਰ ਰਹੇ ਪ੍ਰਦਰਸ਼ਨਕਾਰੀਆਂ, ਸਮਾਜਿਕ ਕਾਰਕੁਨਾਂ ਅਤੇ ਵਕੀਲਾਂ 'ਤੇ ਮੇਰਠ ਪੁਲਿਸ ਅਤੇ ਮੇਰਠ ਪੁਲਿਸ ਦੇ ਮੌਜੂਦਾ ਐਸਐਸਪੀ ਅਭਿਨਾਸ਼ ਪਾਂਡੇ ਵੱਲੋਂ ਵੱਲੋਂ ਕੀਤੇ ਗਏ ਅਣਮਨੁੱਖੀ ਤਸ਼ੱਦਦ ਅਤੇ ਲਾਠੀਚਾਰਜ ਦੀ ਬੇਗਮਪੁਰਾ ਟਾਈਗਰ ਫੋਰਸ ਦੇ ਬੰਟੀ ਹਰਿਆਣਾ ਪ੍ਰਧਾਨ ਹਲਕਾ ਸ਼ਾਮ ਚੁਰਾਸੀ, ਅਮਰੀਕ ਸਿੰਘ ਰਾਜੂ, ਰਾਹੁਲ ਕਲੋਤਾ, ਰਵਿੰਦਰਾ, ਰਮਨ, ਇਸ਼ਾਨ ਵੱਲੋਂ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ ਹੈ। ਫੋਰਸ ਦੇ ਆਗੂਆਂ ਨੇ ਇਸ ਘਟਨਾ ਨੂੰ ਲੋਕਤੰਤਰ ਅਤੇ ਸੰਵਿਧਾਨ ਦੇ ਮੂਲ ਅਧਿਕਾਰਾਂ ਦਾ ਸ਼ਰੇਆਮ ਘਾਣ ਦੱਸਿਆ ਉਹਨਾਂ ਕਿਹਾ ਕਿ ਮੇਰਠ ਦੇ ਟੀ.ਪੀ. ਨਗਰ ਖੇਤਰ ਵਿੱਚ ਐਸਸੀ ਸਮਾਜ ਦੀ ਔਰਤ ਲਲਿਤਾ ਗੌਤਮ ਦਾ ਕਤਲ ਕਰ ਦਿੱਤਾ ਗਿਆ ਸੀ, ਜਿਸਦੀ ਲਾਸ਼ 17 ਮਈ ਨੂੰ ਰੋਹਟਾ ਖੇਤਰ ਵਿੱਚੋਂ ਬਰਾਮਦ ਹੋਈ ਸੀ।ਉਹਨਾਂ ਕਿਹਾ ਕਿ ਜਦੋਂ ਪੀੜਤ ਪਰਿਵਾਰ ਅਤੇ ਐਸਸੀ



ਸਮਾਜ ਦੇ ਲੋਕ ਕੁਲੈਕਟਰੇਟ ਵਿਖੇ ਇਨਸਾਫ਼ ਲਈ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਸਨ, ਤਾਂ ਮੇਰਠ ਦੇ ਐਸ.ਐਸ.ਪੀ. (ਸ਼ਸ਼ਫ) ਅਵਿਨਾਸ਼ ਪਾਂਡੇ ਵੱਲੋਂ ਪ੍ਰਦਰਸ਼ਨਕਾਰੀਆਂ 'ਤੇ ਸ਼ਰੇਆਮ ਥੱਪੜ ਮਾਰੇ ਗਏ ਅਤੇ ਬਦਸਲੂਕੀ ਕੀਤੀ ਗਈ। ਉਹਨਾਂ ਕਿਹਾ ਕਿ ਸੋਸ਼ਲ ਮੀਡੀਆ 'ਤੇ ਵਾਇਰਲ ਹੋਈਆਂ ਵੀਡੀਓਜ਼ ਵਿੱਚ ਦੇਖਿਆ ਜਾ ਸਕਦਾ ਹੈ ਕਿ ਪੁਲਿਸ ਨੇ ਹਿਰਾਸਤ ਵਿੱਚ ਲਏ ਗਏ ਐਡਵੋਕੇਟ ਰਵਿ ਗੌਤਮ ਨਾਲ ਵੀ ਮੇਰਠ ਦੇ ਜਾਤ ਦੇ ਹੰਕਾਰੀ ਐਸਐਸਪੀ ਅਵਿਨਾਸ਼ ਪਾਂਡੇ ਨੇ ਗੱਡੀ ਦੇ ਅੰਦਰ ਵੜ ਕੇ ਬੁਰੀ ਤਰ੍ਹਾਂ ਕੁੱਟਮਾਰ ਕੀਤੀ, ਜਿਸ ਕਾਰਨ ਪੀੜਤ ਵਕੀਲ ਵੱਲੋਂ ਵੈਨ ਦੇ ਅੰਦਰ ਹੀ ਖ਼ੁਦਕੁਸ਼ੀ (ਫਾਂਸੀ ਲਗਾਉਣ) ਦੀ ਕੋਸ਼ਿਸ਼ ਕਰਨ ਵਰਗਾ ਖ਼ੌਫ਼ਨਾਕ ਕਦਮ ਚੁੱਕਣਾ ਪਿਆ ! ਉਹਨਾਂ ਕਿਹਾ ਕਿ ਇੱਕ ਪਾਸੇ ਜਿੱਥੇ ਪੁਲਿਸ ਪ੍ਰਦਰਸ਼ਨਕਾਰੀਆਂ 'ਤੇ "ਜਾਮ ਲਗਾਉਣ ਅਤੇ ਮਾਹੌਲ ਖ਼ਰਾਬ ਕਰਨ" ਦੇ ਝੂਠੇ ਦੋਸ਼ ਲਗਾ ਕੇ ਪਰਚੇ ਦਰਜ ਕਰ ਰਹੀ ਹੈ, ਉੱਥੇ ਹੀ ਦੂਜੇ ਪਾਸੇ ਪੀੜਤਾਂ ਨੂੰ ਇਨਸਾਫ਼ ਦੇਣ ਦੀ ਬਜਾਏ ਉਨ੍ਹਾਂ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਬੇਗਮਪੁਰਾ ਟਾਈਗਰ ਫੋਰਸ ਦੀ ਆਗੂਆਂ ਨੇ ਕਿਹਾ ਕਿ ਪ੍ਰਦਰਸ਼ਨਕਾਰੀਆਂ ਅਤੇ ਵਕੀਲ 'ਤੇ ਹੱਥ ਚੁੱਕਣ ਵਾਲੇ ਐਸ.ਐਸ.ਪੀ. ਅਵਿਨਾਸ਼ ਪਾਂਡੇ ਨੂੰ ਤੁਰੰਤ ਡਿਸਮਿਸ ਕੀਤਾ ਜਾਵੇ ਅਤੇ ਉਸ ਵਿਰੁੱਧ ਮੁਕੱਦਮਾ ਦਰਜ ਕੀਤਾ ਜਾਵੇ। ਉਹਨਾਂ ਕਿਹਾ ਕਿ ਵਾਇਰਲ ਵੀਡੀਓ ਦੀ ਉੱਚ ਪੱਧਰੀ ਸੁਤੰਤਰ ਜਾਂਚ ਕਰਵਾਈ ਜਾਵੇ ਤਾਂ ਜੋ ਪੁਲਿਸ ਪ੍ਰਸ਼ਾਸਨ ਦੀ ਗੁੰਡਾਗਰਦੀ ਦਾ ਪਰਦਾਫਾਸ਼ ਹੋ ਸਕੇ। ਉਹਨਾਂ ਕਿਹਾ ਕਿ ਦੇਸ਼ ਦਾ ਸੰਵਿਧਾਨ ਹਰੇਕ ਨਾਗਰਿਕ ਨੂੰ ਸ਼ਾਂਤਮਈ ਵਿਰੋਧ ਪ੍ਰਦਰਸ਼ਨ ਕਰਨ ਅਤੇ ਇਨਸਾਫ਼ ਮੰਗਣ ਦਾ ਅਧਿਕਾਰ ਦਿੰਦਾ ਹੈ। ਉਹਨਾ ਕਿਹਾ ਕਿ ਪੁਲਿਸ ਸੱਤਾ ਦੀ ਦੁਰਵਰਤੋਂ ਕਰਕੇ ਆਮ ਨਾਗਰਿਕਾਂ ਅਤੇ ਦਲਿਤ ਸਮਾਜ ਦੀ ਆਵਾਜ਼ ਨੂੰ ਦਬਾਉਣਾ ਬੰਦ ਕਰੇ । ਅੰਤ ਵਿੱਚ ਬੇਗਮਪੁਰਾ ਟਾਈਗਰ ਫੋਰਸ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਪੀੜਤ ਪਰਿਵਾਰ ਨੂੰ ਜਲਦ ਇਨਸਾਫ਼ ਨਾ ਮਿਲਿਆ ਅਤੇ ਐਸਐਸਪੀ ਅਵਿਨਾਸ਼ ਪਾਂਡੇ ਸਮੇਤ ਦੋਸ਼ੀ ਪੁਲਿਸ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਨਾ ਕੀਤੀ ਗਈ, ਤਾਂ ਜਥੇਬੰਦੀ ਵੱਲੋਂ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ।

# ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਆਂਗਣਵਾੜੀ ਕੇਂਦਰਾਂ ਵਿੱਚ ਈ.ਸੀ.ਸੀ.ਈ. ਦਿਵਸ ਮੌਕੇ "ਸਿਹਤਮੰਦ ਰੁਟੀਨ ਅਤੇ ਸਕੂਲ ਤਿਆਰੀ" ਵਿਸ਼ੇ 'ਤੇ ਜਾਗਰੂਕਤਾ ਗਤੀਵਿਧੀਆਂ ਕਰਵਾਈਆਂ ਗਈਆਂ

**ਨਵਾਂ ਸ਼ਹਿਰ 10 ਜੁਲਾਈ (ਮਨੋਰੰਜਨ ਕਾਲੀਆ)** ਪੰਜਾਬ ਸਰਕਾਰ ਦੇ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਵਿਭਾਗ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅੱਜ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸਮੂਹ ਆਂਗਣਵਾੜੀ ਕੇਂਦਰਾਂ ਵਿੱਚ ਮਿਤੀ 10 ਜੁਲਾਈ 2026 ਨੂੰ ਈ.ਸੀ.ਸੀ.ਈ. (ਓਓਰਲੇ ਛਹਿਲਦਹੋਦ ਛਓਰਏ ਓਨਦ ਓਦੁਚਓਟਿਨ) ਦਿਵਸ ਉਤਸ਼ਾਹ ਅਤੇ ਭਰਪੂਰ ਭਾਗੀਦਾਰੀ ਨਾਲ ਮਨਾਇਆ ਗਿਆ। ਇਸ ਮਹੀਨੇ ਦਾ ਵਿਸ਼ਾ "ਸਿਹਤਮੰਦ ਰੁਟੀਨ ਅਤੇ ਸਕੂਲ ਤਿਆਰੀ" ਰਿਹਾ, ਜਿਸ ਤਹਿਤ 0 ਤੋਂ 6 ਸਾਲ ਦੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਸਿਹਤਮੰਦ ਜੀਵਨ ਸ਼ੈਲੀ, ਪੌਸ਼ਟਿਕ ਭੋਜਨ ਅਤੇ ਸਕੂਲ ਤਿਆਰੀ ਸਬੰਧੀ ਜਾਣਕਾਰੀ ਦਿੱਤੀ ਗਈ।

ਇਹ ਸਮੂਹ ਗਤੀਵਿਧੀਆਂ ਮਾਣਯੋਗ ਡਿਪਟੀ





ਕਮਿਸ਼ਨਰ ਸ਼੍ਰੀ ਗੁਲਪ੍ਰੀਤ ਸਿੰਘ ਔਲਖ ਜੀ ਅਤੇ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਸ਼੍ਰੀ ਜਗਰੂਪ ਸਿੰਘ ਜੀ ਦੀ ਯੋਗ ਅਗਵਾਈ ਅਤੇ ਨਿਗਰਾਨੀ ਹੇਠ ਜ਼ਿਲ੍ਹੇ ਦੇ ਸਮੂਹ ਆਂਗਣਵਾੜੀ ਕੇਂਦਰਾਂ ਵਿੱਚ ਸਫਲਤਾਪੂਰਵਕ ਕਰਵਾਈਆਂ ਗਈਆਂ।

ਪ੍ਰੋਗਰਾਮ ਦੀ ਸ਼ੁਰੂਆਤ ਭਾਗੀਦਾਰਾਂ ਦੇ ਸਵਾਗਤ ਨਾਲ ਕੀਤੀ ਗਈ, ਜਿਸ ਉਪਰੰਤ ਈ.ਸੀ.ਸੀ.ਈ. ਦਿਵਸ ਦੇ ਉਦੇਸ਼ ਅਤੇ ਇਸ ਮਹੀਨੇ ਦੇ ਵਿਸ਼ੇ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਮਾਪਿਆਂ ਨੂੰ ਬੱਚਿਆਂ ਦੀ ਰੋਜ਼ਾਨਾ ਰੁਟੀਨ ਵਿੱਚ ਸਮੇਂ ਸਿਰ ਉੱਠਣ, ਪੌਸ਼ਟਿਕ ਭੋਜਨ ਖਾਣ, ਖੇਡਣ, ਸਿੱਖਣ ਅਤੇ ਪੂਰੀ ਨੀਂਦ ਲੈਣ ਦੀ ਮਹੱਤਤਾ ਬਾਰੇ ਵਿਸਥਾਰ ਨਾਲ ਜਾਣੂ ਕਰਵਾਇਆ ਗਿਆ। ਇਸ ਦੇ ਨਾਲ ਹੀ ਬੱਚਿਆਂ ਨੂੰ ਸਕੂਲ ਲਈ ਮਾਨਸਿਕ ਅਤੇ ਸਮਾਜਿਕ ਤੌਰ 'ਤੇ ਤਿਆਰ ਕਰਨ ਵਿੱਚ ਪਰਿਵਾਰ ਦੀ ਭੂਮਿਕਾ ਬਾਰੇ ਵੀ ਜਾਗਰੂਕ ਕੀਤਾ ਗਿਆ।

ਈ.ਸੀ.ਸੀ.ਈ. ਦਿਵਸ ਦੌਰਾਨ ਬੱਚਿਆਂ ਲਈ ਖੇਡ-ਆਧਾਰਿਤ ਸਿੱਖਣ ਗਤੀਵਿਧੀਆਂ ਕਰਵਾਈਆਂ ਗਈਆਂ। ਬੱਚਿਆਂ ਨੂੰ ਵੱਖ-ਵੱਖ ਫਲਾਂ ਅਤੇ ਸਬਜ਼ੀਆਂ ਦੀ ਪਛਾਣ ਕਰਵਾਈ ਗਈ ਅਤੇ ਉਨ੍ਹਾਂ ਨੂੰ ਰੰਗਾਂ ਅਤੇ ਆਕਾਰਾਂ ਦੇ ਆਧਾਰ 'ਤੇ ਵੱਖ-ਵੱਖ ਸਮੂਹਾਂ ਵਿੱਚ ਛਾਂਟਣ ਦੀ ਗਤੀਵਿਧੀ ਕਰਵਾਈ ਗਈ। ਇਸ ਦੌਰਾਨ ਬੱਚਿਆਂ ਨੂੰ ਸਵਾਲ ਪੁੱਛ ਕੇ ਉਨ੍ਹਾਂ ਦੀ ਸੋਚਣ-ਸਮਝਣ ਦੀ ਸਮਰੱਥਾ, ਨਿਰੀਖਣ ਸ਼ਕਤੀ ਅਤੇ ਭਾਸ਼ਾਈ ਵਿਕਾਸ ਨੂੰ ਉਤਸ਼ਾਹਿਤ ਕੀਤਾ ਗਿਆ। ਬੱਚਿਆਂ ਨੇ ਇਨ੍ਹਾਂ ਗਤੀਵਿਧੀਆਂ ਵਿੱਚ ਪੂਰੇ ਉਤਸ਼ਾਹ ਨਾਲ ਭਾਗ ਲਿਆ ਅਤੇ ਖੇਡ-ਖੇਡ ਵਿੱਚ ਸਿੱਖਣ ਦਾ ਅਨੁਭਵ ਪ੍ਰਾਪਤ ਕੀਤਾ।

ਪ੍ਰੋਗਰਾਮ ਦੌਰਾਨ ਮਾਪਿਆਂ ਨਾਲ ਵਿਚਾਰ-ਵਟਾਂਦਰਾ ਵੀ ਕੀਤਾ ਗਿਆ, ਜਿਸ ਵਿੱਚ ਬੱਚਿਆਂ ਨੂੰ ਘਰ ਵਿੱਚ ਫਲਾਂ ਅਤੇ ਸਬਜ਼ੀਆਂ ਦੀ ਪਛਾਣ ਕਰਵਾਉਣ, ਸਿਹਤਮੰਦ ਅਤੇ ਗੈਰ-ਸਿਹਤਮੰਦ ਖਾਣ-ਪੀਣ ਦੀਆਂ ਚੀਜ਼ਾਂ ਵਿੱਚ ਅੰਤਰ ਸਮਝਾਉਣ ਅਤੇ ਰੋਜ਼ਾਨਾ ਸੰਤੁਲਿਤ ਭੋਜਨ ਨੂੰ ਉਤਸ਼ਾਹਿਤ ਕਰਨ ਬਾਰੇ ਚਰਚਾ ਕੀਤੀ ਗਈ। ਮਾਪਿਆਂ ਨੂੰ ਇਹ ਵੀ ਪ੍ਰੇਰਿਤ ਕੀਤਾ ਗਿਆ ਕਿ ਉਹ ਘਰ ਵਿੱਚ ਬੱਚਿਆਂ ਨਾਲ ਰੋਜ਼ਾਨਾ ਸਿੱਖਣ ਨਾਲ ਸਬੰਧਤ ਛੋਟੀਆਂ-ਛੋਟੀਆਂ ਗਤੀਵਿਧੀਆਂ ਕਰਨ ਤਾਂ ਜੋ ਬੱਚਿਆਂ ਦਾ ਸਰਵਪੱਖੀ ਵਿਕਾਸ ਯਕੀਨੀ ਬਣਾਇਆ ਜਾ ਸਕੇ।

ਇਸ ਮੌਕੇ ਭਾਗੀਦਾਰਾਂ ਵੱਲੋਂ ਬੱਚਿਆਂ ਵਿੱਚ ਪੌਸ਼ਟਿਕ ਖੁਰਾਕ, ਸਿਹਤਮੰਦ ਰੁਟੀਨ ਅਤੇ ਚੰਗੀਆਂ ਆਦਤਾਂ ਨੂੰ ਪ੍ਰਫੁੱਲਤ ਕਰਨ ਦਾ ਸਮਾਜਿਕ ਸੰਕਲਪ ਵੀ ਦੁਹਰਾਇਆ ਗਿਆ। ਪ੍ਰੋਗਰਾਮ ਦੇ ਅੰਤ ਵਿੱਚ ਸਮੂਹਿਕ ਫੋਟੋਆਂ ਖਿੱਚੀਆਂ ਗਈਆਂ ਅਤੇ ਵਿਭਾਗੀ ਹਦਾਇਤਾਂ ਅਨੁਸਾਰ ਲੋੜੀਂਦੀ ਰਿਪੋਰਟਿੰਗ ਵੀ ਯਕੀਨੀ ਬਣਾਈ ਗਈ।

# ਸਰਕਾਰੀ ਪ੍ਰਾਇਮਰੀ ਸਕੂਲ (ਲੜਕੇ), ਬਲਾਚੌਰ ਵਿਖੇ ਸਫ਼ਾਈ ਅਤੇ ਨਿੱਜੀ ਸਿਹਤ ਸਬੰਧੀ ਜਾਗਰੂਕਤਾ ਗਤੀਵਿਧੀ ਆਯੋਜਿਤ

**ਨਵਾਂਸ਼ਹਿਰ 10 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ )** ਸਵੱਛ ਭਾਰਤ ਮਿਸ਼ਨ ਤਹਿਤ ਸਰਕਾਰੀ ਪ੍ਰਾਇਮਰੀ ਸਕੂਲ (ਲੜਕੇ), ਬਲਾਚੌਰ ਵਿਖੇ ਵਿਦਿਆਰਥੀਆਂ ਨੂੰ ਆਪਣੇ ਆਲੇ-ਦੁਆਲੇ ਦੀ ਸਫ਼ਾਈ ਅਤੇ ਨਿੱਜੀ ਸਿਹਤ ਪ੍ਰਤੀ ਜਾਗਰੂਕ ਕਰਨ ਲਈ ਇੱਕ ਵਿਸ਼ੇਸ਼ ਜਾਗਰੂਕਤਾ ਗਤੀਵਿਧੀ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਵਿਦਿਆਰਥੀਆਂ ਨੂੰ ਗਿੱਲੇ ਅਤੇ ਸੁੱਕੇ ਕੂੜੇ ਨੂੰ ਵੱਖ-ਵੱਖ ਰੱਖਣਾ, ਕੂੜਾ ਇੱਧਰ-ਉੱਧਰ ਨਾ ਸੁੱਟਣ ਅਤੇ ਕੂੜੇ ਨੂੰ ਅੱਗ ਨਾ ਲਗਾਉਣ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਇਸ ਦੇ ਨਾਲ ਹੀ ਉਨ੍ਹਾਂ ਨੂੰ ਨਿੱਜੀ ਸਫ਼ਾਈ ਦੀਆਂ ਚੰਗੀਆਂ ਆਦਤਾਂ, ਜਿਵੇਂ ਕਿ




ਸਮੇਂ-ਸਮੇਂ ’ਤੇ ਹੱਥ ਧੋਣਾ, ਆਪਣੇ ਆਲੇ-ਦੁਆਲੇ ਸਾਫ਼-ਸੁਥਰਾ ਵਾਤਾਵਰਣ ਬਣਾਈ ਰੱਖਣਾ ਅਤੇ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਲਈ ਵੀ ਪ੍ਰੇਰਿਤ ਕੀਤਾ ਗਿਆ। ਇਸ ਜਾਗਰੂਕਤਾ ਮੁਹਿੰਮ ਦੌਰਾਨ ਸਾਲਿਡ ਵੇਸਟ ਮੈਨੇਜਮੈਂਟ ਐਕਸਪਰਟ ਸ੍ਰੀਮਤੀ ਕੀਰਤ ਚੌਹਾਨ, ਆਈ.ਈ.ਸੀ.-ਸੀ.ਬੀ. ਐਕਸਪਰਟ ਸ੍ਰੀਮਤੀ ਸ਼ਬਨਮ, ਸੀ.ਐੱਫ. ਸ੍ਰੀਮਤੀ ਮਨਿੰਦਰ ਕੌਰ ਅਤੇ ਸਵੱਛ ਭਾਰਤ ਮਿਸ਼ਨ ਦੇ ਮੋਟੀਵੇਟਰ ਮੌਜੂਦ ਰਹੇ। ਟੀਮ ਵੱਲੋਂ ਵਿਦਿਆਰਥੀਆਂ ਨੂੰ ਸਫ਼ਾਈ ਨੂੰ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਦਾ ਹਿੱਸਾ ਬਣਾਉਣ ਅਤੇ ਵਾਤਾਵਰਣ ਦੀ ਸੁਰੱਖਿਆ ਲਈ ਆਪਣਾ ਯੋਗਦਾਨ ਪਾਉਣ ਦਾ ਸੰਦੇਸ਼ ਦਿੱਤਾ ਗਿਆ।

# ਡਾ. ਬੀ.ਆਰ. ਅੰਬੇਡਕਰ ਸਪੋਰਟਸ ਐਂਡ ਵੈਲਫੇਅਰ ਸੁਸਾਇਟੀ ਵਲੋਂ ਰੱਤੂ ਰੰਧਾਵਾ ਜੀ ਦਾ ਆਸਟ੍ਰੇਲੀਆ ਵਿੱਚ ਗੋਲਡ ਮੈਡਲ ਨਾਲ ਸਨਮਾਨ

**ਸਰੀ /ਵੈਨਕੂਵਰ (ਕੁਲਦੀਪ ਚੁੰਬਰ) - ਬ੍ਰਿਸਬੇਨ (ਆਸਟ੍ਰੇਲੀਆ)**: ਪਿਛਲੇ ਦਿਨੀਂ ਬ੍ਰਿਸਬੇਨ ਵਿਖੇ ਕਰਵਾਏ ਗਏ ਵਿਸ਼ਾਲ ਪੰਜਾਬੀ ਸੱਭਿਆਚਾਰਕ ਸਮਾਗਮ ਦੌਰਾਨ ਡਾ. ਬੀ.ਆਰ. ਅੰਬੇਡਕਰ ਸਪੋਰਟਸ ਐਂਡ ਵੈਲਫੇਅਰ ਸੁਸਾਇਟੀ ਵਲੋਂ ਸਮਾਜਿਕ, ਸੱਭਿਆਚਾਰਕ ਅਤੇ ਭਾਈਚਾਰਕ ਖੇਤਰ ਵਿੱਚ ਨਿਭਾਈਆਂ ਜਾ ਰਹੀਆਂ ਸ਼ਲਾਘਾਯੋਗ ਸੇਵਾਵਾਂ ਲਈ ਉੱਘੇ ਸਮਾਜ ਸੇਵੀ ਅਤੇ ਗੀਤਕਾਰ ਰੱਤੂ ਰੰਧਾਵਾ ਜੀ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹਜ਼ਾਰਾਂ ਦੀ ਗਿਣਤੀ ਵਿੱਚ ਪੰਜਾਬੀ ਭਾਈਚਾਰੇ ਨੇ ਸ਼ਮੂਲੀਅਤ ਕਰਕੇ ਪ੍ਰੋਗਰਾਮ ਨੂੰ ਇਤਿਹਾਸਕ ਰੂਪ ਦਿੱਤਾ। ਪੰਜਾਬ ਦੀ ਪ੍ਰਸਿੱਧ ਗਾਇਕਾ ਗੁਰਲੇਜ ਅਖਤਰ ਅਤੇ ਨਾਮਵਰ ਗਾਇਕ ਕੁਲਵਿੰਦਰ ਕੈਲੀ ਨੇ ਆਪਣੇ ਸੁਰੀਲੇ ਅੰਦਾਜ਼, ਨਵੇਂ ਅਤੇ ਸਦਾ-ਬਹਾਰ ਹਿੱਟ ਗੀਤਾਂ ਨਾਲ ਦੇਰ ਰਾਤ ਤੱਕ ਸਰੋਤਿਆਂ ਨੂੰ ਮੰਤਰਮੁਗਧ ਰੱਖਿਆ। ਦਰਸ਼ਕਾਂ ਨੇ ਗੀਤ-ਸੰਗੀਤ ਦਾ ਭਰਪੂਰ ਆਨੰਦ ਮਾਣਿਆ ਅਤੇ ਕਲਾਕਾਰਾਂ ਨੂੰ ਭਰਵਾਂ ਹੁੰਗਾਰਾ ਦਿੱਤਾ। ਇਹ ਸ਼ਾਨਦਾਰ ਸਮਾਗਮ Bullseye Consultant ਦੇ ਡਾਇਰੈਕਟਰ ਅਮਨ ਭੰਗੂ ਵਲੋਂ ਪੇਸ਼ ਕੀਤਾ ਗਿਆ। ਸਮਾਗਮ ਦੀ ਸਫਲਤਾ ਵਿੱਚ ਸਪਾਂਸਰ ਇੰਦਰਜੀਤ ਕੁਮਾਰ, ਸੰਦੀਪ ਭੁੱਲਰ, ਗੋਰਾ ਟਰੱਕ,ਅਜੀਤਪਾਲ ਸਿੰਘ



(ਨੋਵਾ ਐਂਗਲੀਆ ਕਾਲਜ),ਨਰਿੰਦਰ ਸਿੰਘ, ਕਸ਼ਿਸ਼, IPSA Group ਤੋਂ ਸਰਬਜੀਤ ਸੋਹੀ ,7 Seas TV , ਹਰਦੀਪ ਵਾਗਲਾ, ਸੈਂਡੀ ਪੇਂਟਰ, ਰਿਚ ਵਿਰਸਾ ਭੰਗੜਾ ਅਕੈਡਮੀ,ਡੀ ਜੇ ਜੈਸਟਾ , ਪੰਜਾਬੀ ਪਲਸ, ਇੰਡੋਜ ਟੀ ਵੀ ਵਲੋਂ ਦਿੱਤੇ ਗਏ ਸਹਿਯੋਗ ਦੀ ਵਿਸ਼ੇਸ਼ ਸ਼ਲਾਘਾ ਕੀਤੀ ਗਈ। ਡਾ. ਬੀ.ਆਰ. ਅੰਬੇਡਕਰ ਸਪੋਰਟਸ ਐਂਡ ਵੈਲਫੇਅਰ ਸੁਸਾਇਟੀ ਦੇ ਨੁਮਾਇੰਦਿਆਂ ਸੱਤਵਿੰਦਰ ਟੀਨੂੰ, ਗੁਰਦੀਪ ਜਗੇੜਾ ਅਤੇ ਤਾਜ ਰੱਤੂ ਨੇ ਕਿਹਾ ਕਿ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਵੱਲੋਂ ਆਪਣੀ ਮਾਤ ਭਾਸ਼ਾ, ਸੱਭਿਆਚਾਰ ਅਤੇ ਸਮਾਜ ਸੇਵਾ ਨੂੰ ਪ੍ਰਫੁੱਲਤ ਕਰਨ ਲਈ ਕੀਤੇ ਜਾ ਰਹੇ ਉਪਰਾਲੇ ਬੇਹੱਦ ਪ੍ਰੇਰਨਾਦਾਇਕ ਹਨ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਵੀ ਸਮਾਜ ਅਤੇ ਭਾਈਚਾਰੇ ਦੀ ਸੇਵਾ ਕਰਨ ਵਾਲੀਆਂ ਸ਼ਖ਼ਸੀਅਤਾਂ ਨੂੰ ਇਸੇ ਤਰ੍ਹਾਂ ਸਨਮਾਨਿਤ ਕੀਤਾ ਜਾਂਦਾ ਰਹੇਗਾ। ਪ੍ਰੋਗਰਾਮ ਨੇ ਵਿਦੇਸ਼ ਦੀ ਧਰਤੀ 'ਤੇ ਪੰਜਾਬੀ ਸੱਭਿਆਚਾਰ, ਸੰਗੀਤ ਅਤੇ ਭਾਈਚਾਰਕ ਏਕਤਾ ਦੀ ਇੱਕ ਯਾਦਗਾਰ ਮਿਸਾਲ ਕਾਇਮ ਕੀਤੀ।ਨਵੀ ਥਿੰਦ ਨੇ ਸਟੇਜ ਦੀ ਭੂਮਿਕਾ ਬਾਖ਼ੂਬੀ ਨਿਭਾਈ!

# ਪਿੰਡ ਮੱਤਫੱਲੂ ਵਿਖੇ ਸਲਾਨਾ ਜੋੜ ਮੇਲਾ ਧੂਮ ਧਾਮ ਨਾਲ ਸੰਪਨ

**ਫਿਲੌਰ/ਅੱਪਰਾ, 10 ਜੁਲਾਈ (ਦੀਪਾ)**-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬਾਬਾ ਪੋਲੋ ਸ਼ਾਹ ਜੀ, ਮਸਤ ਬਾਬਾ ਗਿਆਨ ਜੀ ਦੇ ਪਵਿੱਤਰ ਦਰਬਾਰ ਤੇ ਸਲਾਨਾ ਜੋੜ ਮੇਲਾ ਗੱਦੀ ਨਸ਼ੀਨ ਸਾਈ ਹੁਕਮ ਸ਼ਾਹ ਜੀ ਅਤੇ ਸਮੂਹ ਪ੍ਰਬੰਧਕ ਕਮੇਟੀ , ਸਵ. ਸੁਖਦੇਵ ਸਿੰਘ ਫੌਜੀ ( ਸੇਵਾਦਾਰ) ਅਤੇ ਸਮੂਹ ਗ੍ਰਾਮ ਪੰਚਾਇਤ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਬੜੀ ਧੂਮ ਧਾਮ ਤੇ ਸ਼ਾਨੋ ਸ਼ੌਕਤ ਨਾਲ ਪਿੰਡ ਮੱਤਫੱਲੂ ( ਜਲੰਧਰ) ਵਿਖੇ ਮਨਾਇਆ ਗਿਆ। ਮੀਡੀਆ ਨਾਲ ਜਾਣਕਾਰੀ ਸਾਂਝੀ ਕਰਦਿਆਂ ਸਾਈ ਕੁਲਵੀਰ ਸ਼ਾਹ ਜੀ ਨੇ ਦੱਸਿਆ ਕਿ ਮੇਲੇ ਦੇ ਪਹਿਲੇ ਦਿਨ ਝੰਡੇ ਅਤੇ ਚਿਰਾਗ ਰੋਸ਼ਨ ਕੀਤੇ ਗਏ। ਉਸ ਤੋਂ ਅਗਲੇ ਦਿਨ ਸੂਫੀਆਨਾ ਮਹਫ਼ਿਲ ਦਾ ਆਗਾਜ਼ ਕੀਤਾ ਗਿਆ ਜਿਸ ਵਿਚ ਸੂਫੀ ਸਿੰਗਰ ਸਰਤਾਜ ਅਲੀ ਨੇ ਸੰਗਤਾਂ ਦਾ ਖ਼ੂਬ



ਮਨੋਰੰਜਨ ਕੀਤਾ। ਵਿਰਾਸਤੀ ਨਕਾਲ ਪਾਰਟੀ ਨੇ ਆਪਣਾ ਨਕਲਾਂ ਦਾ ਪ੍ਰੋਗਰਾਮ ਪੇਸ਼ ਕੀਤਾ। ਇਸ ਖ਼ੂਬਸੂਰਤ ਮੁਬਾਰਕ ਮੌਕੇ ਤੇ ਸੁਖਵਿੰਦਰ ਸਿੰਘ ਲਾਡੀ, ਸੇਵਾ ਸਿੰਘ, ਰਾਮ ਮੂਰਤੀ, ਗੁਰਨਾਮ ਸਿੰਘ, ਪਲਵਿੰਦਰ ਸਿੰਘ ਦੁਸਾਂਝ ( ਉੱਘੇ ਸਮਾਜ ਸੇਵਕ) ਪ੍ਰੇਮ ਪਾਲ, ਰਵੀ ਸੋਡੀ, ਸਾਜਨ ਮੱਤਫੱਲੂ, ਪੰਕਜ ਨੀਰ, ਅਤੇ ਗੁਰਦਾਸ ਰਾਮ ਆਦਿ ਹਾਜ਼ਰ ਸਨ। ਸੰਗਤਾਂ ਵਾਸਤੇ ਠੰਡੇ ਮਿੱਠੇ ਜਲ ਦੀਆਂ ਛਬੀਲਾਂ, ਚਾਪ ਪਕੌੜੇ, ਆਈਸਕ੍ਰੀਮ ਤੇ ਲੰਗਰ ਅਟੁੱਟ ਚਲਾਏ ਗਏ। ਆਏ ਹੋਏ ਮਹਿਮਾਨਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

# ਮਾਤਾ ਕੁਲਵੀਰ ਕੌਰ, ਮੁਬਾਰਕਪੁਰ ਦਾ ਸ਼ਰੀਰ ਮੌਤ ਤੋਂ ਬਾਅਦ ਪਰਿਵਾਰ ਨੇ ਦਾਨ ਕੀਤਾ

**ਨਵਾਂਸ਼ਹਿਰ 10 ਜੁਲਾਈ (ਮਨੋਰੰਜਨ ਕਾਲੀਆ))**
ਮੌਤ ਤੋਂ ਬਾਅਦ ਆਪਣਾ ਸ਼ਰੀਰ ਦਾਨ ਕਰਨਾ ਦੇਸ਼ ਦੀ ਸੇਵਾ ਹੈ: ਰਤਨ ਕੁਮਾਰ ਜੈਨ।

ਮਾਤਾ ਕੁਲਵੀਰ ਕੌਰ ਪਿੰਡ ਮੁਬ-ਾਰਕਪੁਰ ਦਾ ਸ਼ਰੀਰ ਮੌਤ ਤੋਂ ਬਾਅਦ ਪਰਿਵਾਰ ਨੇ ਦਾਨ ਕੀਤਾ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ, ਦੋਆਬਾ ਸੇਵਾ ਸਮਿਤੀ ਦੇ ਜਨਰਲ ਸਕੱਤਰ ਰਤਨ ਕੁਮਾਰ ਜੈਨ ਨੇ ਦੱਸਿਆ ਕਿ ਤਹਿਸੀਲ ਨਵਾਂਸ਼ਹਿਰ ਦੇ ਪਿੰਡ ਮੁਬਾਰਕਪੁਰ ਦੇ ਵਸਨੀਕ ਸ. ਕੇਸਰ ਸਿੰਘ ਦੀ ਪਤਨੀ ਮਾਤਾ ਕੁਲਵੀਰ ਕੌਰ ਦਾ ਸੰਖੇਪ ਬਿਮਾਰੀ ਤੋਂ ਬਾਅਦ ਦੇਹਾਂਤ ਹੋ ਗਿਆ ਸੀ। ਮ੍ਰਿਤਕ ਦੀ ਆਖਰੀ ਇੱਛਾ ਪੂਰੀ ਕਰਨ ਲਈ, ਉਨ੍ਹਾਂ ਦੇ ਪਤੀ ਕੇਸਰ ਸਿੰਘ ਨੇ ਸਪੇਨ ਬੈਠੇ ਆਪਣੇ ਪੁੱਤਰ ਗੁਰਪ੍ਰੀਤ ਸਿੰਘ ਸਾਧੜਾ, ਨੂੰਹ ਬਲਵਿੰਦਰ ਕੌਰ ਅਤੇ ਧੀ ਗੁਰਪ੍ਰੀਤ ਕੌਰ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਆਪਣੀ ਪਤਨੀ ਦੀ ਮੌਤ ਤੋਂ ਬਾਅਦ ਸਰੀਰ ਦਾਨ ਕਰਨ ਦਾ ਫੈਸਲਾ ਕੀਤਾ। ਉਨ੍ਹਾਂ ਨੇ ਪਿੰਡ ਦੇ ਲੰਬੜਦਾਰ ਅਤੇ ਸਮਾਜ ਸੇਵਕ ਦੇਸ ਰਾਜ ਬਾਲੀ ਰਾਹੀਂ ਦੋਆਬਾ ਸੇਵਾ ਸਮਿਤੀ ਦੇ ਜਨਰਲ ਸਕੱਤਰ ਰਤਨ ਕੁਮਾਰ ਜੈਨ ਨਾਲ ਸੰਪਰਕ ਕੀਤਾ। ਰਤਨ ਕੁਮਾਰ ਜੈਨ ਦੀ ਬੇਨਤੀ 'ਤੇ, ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ, ਸੈਕਟਰ 32, ਚੰਡੀਗੜ੍ਹ ਦੇ ਡਾਇਰੈਕਟਰ ਡਾ. ਰਵਨੀਤ ਕੌਰ ਦੇ ਨਿਰਦੇਸ਼ਨ ਹੇਠ, ਹਸਪਤਾਲ ਦੀ ਟੀਮ, ਜਿਸ ਵਿੱਚ ਡਾ. ਮੁਹੰਮਦ ਸੇਫ਼, ਡਾ. ਅਨਵਰ ਹੁਸੈਨ, ਸੁਰਿੰਦਰ ਕੁਮਾਰ ,ਧਰਮਪਾਲ ਸਿੰਘ ਅਤੇ ਮੋਨੂੰ ਸ਼ਾਮਲ ਸਨ, ਨੇ ਨਿੱਜੀ ਤੌਰ 'ਤੇ ਮ੍ਰਿਤਕ ਦੀ ਦੇਹ ਉਸਦੇ ਪਰਿਵਾਰ ਤੋਂ ਸਤਿਕਾਰ ਨਾਲ ਪ੍ਰਾਪਤ ਕੀਤੀ। ਕੇਸਰ ਸਿੰਘ ਨੇ ਦੱਸਿਆ ਕਿ ਉਸਦੀ ਪਤਨੀ ਕੁਲਬੀਰ ਕੌਰ





**ਦੋਆਬਾ ਸੇਵਾ ਸੰਮਤੀ, ਅੱਖਾਂ ਦਾਨ ਸੰਸਥਾ, ਪਰਿਵਾਰਕ ਮੈਂਬਰ ਅਤੇ ਪਤਵੰਤੇ ਸਰੀਰ ਦਾਨੀ ਮਾਤਾ ਕੁਲਵੀਰ ਕੌਰ ਦੇ ਮ੍ਰਿਤਕ ਸਰੀਰ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ।**

ਆਪਣੀ ਮੌਤ ਤੋਂ ਬਾਅਦ ਕਿਸੇ ਦੇ ਕੰਮ ਆਉਣ ਦੀ ਇੱਛਾ ਰੱਖਦੀ ਸੀ ਅਤੇ ਸਮਾਜ ਵਿੱਚ ਯੋਗਦਾਨ ਪਾਉਣਾ ਚਾਹੁੰਦੀ ਸੀ। ਇਸ ਲਈ ਉਸਨੇ ਮਰਨ ਉਪਰੰਤ ਆਪਣਾ ਸਰੀਰ ਦਾਨ ਕਰਨ ਦੀ ਇੱਛਾ ਪ੍ਰਗਟ ਕੀਤੀ। ਉਸਨੇ ਆਪਣੀ ਪਤਨੀ ਦੀ ਇੱਛਾ ਪੂਰੀ ਕਰਨ ਲਈ ਦੋਆਬਾ ਸੇਵਾ ਸਮਿਤੀ ਦਾ ਧੰਨਵਾਦ ਕੀਤਾ। ਇਸ ਮੌਕੇ ਦੋਆਬਾ ਸੇਵਾ ਸਮਿਤੀ ਦੇ ਜਨਰਲ ਸਕੱਤਰ ਰਤਨ ਕੁਮਾਰ ਜੈਨ, ਮਾਸਟਰ ਹੁਸਨ ਲਾਲ ,ਅਸ਼ੋਕ ਸ਼ਰਮਾ ਸੇਵਾਮੁਕਤ ਬੈਂਕ ਮੈਨੇਜਰ ,ਗੁਰਦੀਪ ਸਿੰਘ ਹਾਫਿਜ਼ਾਬਾਦੀ, ਅੱਖਾਂ ਦਾਨ ਸੁਸਾਇਟੀ ਦੇ ਉਪ ਪ੍ਰਧਾਨ ਜੋਗਾ ਸਿੰਘ ਸਾਹਦੜਾ , ਨੰਬਰਦਾਰ ਦੇਸ ਰਾਜ ਬਾਲੀ, ਪ੍ਰਿੰਸੀਪਲ ਬਿੱਕਰ ਸਿੰਘ ਅਤੇ ਹੋਰ ਪਤਵੰਤੇ ਸੱਜਣ ਮ੍ਰਿਤਕ ਦੇ ਘਰ ਗਏ ਅਤੇ ਉਸਦੀ ਦੇਹ 'ਤੇ ਫੁੱਲ ਭੇਟ ਕਰਕੇ ਉਸਨੂੰ ਸ਼ਰਧਾਂਜਲੀ ਦਿੱਤੀ। ਇਸ ਮੌਕੇ ਡਾ. ਮੁਹੰਮਦ ਸਫ਼ੇ ਅਤੇ ਰਤਨ ਕੁਮਾਰ ਜੈਨ ਨੇ ਦੱਸਿਆ ਕਿ ਮ੍ਰਿਤਕ ਕੁਲਵੀਰ ਕੌਰ ਦਾ ਸਰੀਰ ਡਾਕਟਰੀ ਦੀ ਪੜ੍ਹਾਈ ਕਰ ਰਹੇ ਵਿਦਿਆਰਥੀਆਂ ਲਈ ਮਦਦਗਾਰ ਸਾਬਤ ਹੋਵੇਗਾ। ਉਨ੍ਹਾਂ ਦੇ ਸਰੀਰ ਤੋਂ ਪੜ੍ਹਾਈ ਕਰਕੇ, ਵਿਦਿਆਰਥੀ ਦੂਜਿਆਂ ਦੀਆਂ ਜਾਨਾਂ ਬਚਾ ਸਕਣਗੇ। ਉਨ੍ਹਾਂ ਦੱਸਿਆ ਕਿ ਇੱਕ ਸ਼ਰੀਰ ਦਾਨੀ 200 ਵਿਦਿਆਰਥੀਆਂ ਦੀ ਡਾਕਟਰੀ ਦੀ ਪੜ੍ਹਾਈ ਲਈ ਮਦਦ ਕਰ ਸਕਦਾ ਹੈ। ਇਹ ਇੱਕ ਮਹੱਤਵਪੂਰਨ ਰਾਸ਼ਟਰੀ ਸੇਵਾ ਹੈ। ਉਨ੍ਹਾਂ ਨੇ ਇਸ ਸਮਾਜ ਸੇਵਾ ਵਿੱਚ ਪਰਿਵਾਰ ਦੇ ਸਹਿਯੋਗ ਲਈ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਹੁਣ ਤੱਕ 150 ਲੋਕਾਂ ਨੇ ਮੌਤ ਤੋਂ ਬਾਅਦ ਆਪਣੇ ਸਰੀਰ ਦਾਨ ਕਰਨ ਲਈ ਉਨ੍ਹਾਂ ਦੀ ਕਮੇਟੀ ਨੂੰ ਫਾਰਮ ਜਮ੍ਹਾਂ ਕਰਵਾਏ ਹਨ। ਇਸ ਮੌਕੇ ਗੁਰਮੀਤ ਕੌਰ ਮਾਤਾ, ਸੁਖਬੀਰ ਸਿੰਘ, ਰਾਵਲ ਸਿੰਘ ਲੰਬੜਦਾਰ, ਜੋਗਿੰਦਰ ਪਾਲ ਸਰਪੰਚ, ਮਹਿੰਦਰ ਸਿੰਘ ਪ੍ਰਧਾਨ ਗੁਰਦੁਆਰਾ ਕਮੇਟੀ, ਪਰਿਵਾਰਕ ਮੈਂਬਰ ਅਤੇ ਪਤਵੰਤੇ ਹਾਜ਼ਰ ਸਨ।

# ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਆਂਗਣਵਾੜੀ ਕੇਂਦਰਾਂ ਵਿੱਚ ਈ.ਸੀ.ਸੀ.ਈ. ਦਿਵਸ ਮੌਕੇ "ਸਿਹਤਮੰਦ ਰੁਟੀਨ ਅਤੇ ਸਕੂਲ ਤਿਆਰੀ" ਵਿਸ਼ੇ 'ਤੇ ਜਾਗਰੂਕਤਾ ਗਤੀਵਿਧੀਆਂ ਕਰਵਾਈਆਂ ਗਈਆਂ

**ਨਵਾਂ ਸ਼ਹਿਰ 10 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਸਰਕਾਰ ਦੇ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਵਿਭਾਗ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅੱਜ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਸਮੂਹ ਆਂਗਣਵਾੜੀ ਕੇਂਦਰਾਂ ਵਿੱਚ ਮਿਤੀ 10 ਜੁਲਾਈ 2026 ਨੂੰ ਈ.ਸੀ.ਸੀ.ਈ. (ਓਓਰਲੇ ਛਹਿਲਦਹੋਦ ਛਓਰਏ ਓਨਦ ਓਦੁਚਓਟਿੋਨ) ਦਿਵਸ ਉਤਸ਼ਾਹ ਅਤੇ ਭਰਪੂਰ ਭਾਗੀਦਾਰੀ ਨਾਲ ਮਨਾਇਆ ਗਿਆ। ਇਸ ਮਹੀਨੇ ਦਾ ਵਿਸ਼ਾ "ਸਿਹਤਮੰਦ ਰੁਟੀਨ ਅਤੇ ਸਕੂਲ ਤਿਆਰੀ" ਰਿਹਾ, ਜਿਸ ਤਹਿਤ 0 ਤੋਂ 6 ਸਾਲ ਦੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਸਿਹਤਮੰਦ ਜੀਵਨ ਸ਼ੈਲੀ, ਪੌਸ਼ਟਿਕ ਭੋਜਨ ਅਤੇ ਸਕੂਲ ਤਿਆਰੀ ਸਬੰਧੀ ਜਾਣਕਾਰੀ ਦਿੱਤੀ ਗਈ।ਇਹ ਸਮੂਹ ਗਤੀਵਿਧੀਆਂ ਮਾਣਯੋਗ ਡਿਪਟੀ ਕਮਿਸ਼ਨਰ ਸ਼੍ਰੀ ਗੁਲਪ੍ਰੀਤ ਸਿੰਘ ਔਲਖ ਜੀ ਅਤੇ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਸ਼੍ਰੀ ਜਗਰੂਪ ਸਿੰਘ ਜੀ ਦੀ ਯੋਗ ਅਗਵਾਈ ਅਤੇ ਨਿਗਰਾਨੀ ਹੇਠ ਜ਼ਿਲ੍ਹੇ ਦੇ ਸਮੂਹ ਆਂਗਣਵਾੜੀ ਕੇਂਦਰਾਂ ਵਿੱਚ ਸਫ਼ਲਤਾਪੂਰਵਕ ਕਰਵਾਈਆਂ ਗਈਆਂ। ਪ੍ਰੋਗਰਾਮ ਦੀ ਸ਼ੁਰੂਆਤ ਭਾਗੀਦਾਰਾਂ ਦੇ ਸਵਾਗਤ ਨਾਲ ਕੀਤੀ ਗਈ, ਜਿਸ ਉਪਰੰਤ ਈ.ਸੀ.ਸੀ.ਈ. ਦਿਵਸ ਦੇ ਉਦੇਸ਼ ਅਤੇ ਇਸ ਮਹੀਨੇ ਦੇ ਵਿਸ਼ੇ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਮਾਪਿਆਂ ਨੂੰ ਬੱਚਿਆਂ ਦੀ ਰੋਜ਼ਾਨਾ ਰੁਟੀਨ



ਵਿੱਚ ਸਮੇਂ ਸਿਰ ਉੱਠਣ, ਪੌਸ਼ਟਿਕ ਭੋਜਨ ਖਾਣ, ਖੇਡਣ, ਸਿੱਖਣ ਅਤੇ ਪੂਰੀ ਨੀਂਦ ਲੈਣ ਦੀ ਮਹੱਤਤਾ ਬਾਰੇ ਵਿਸਥਾਰ ਨਾਲ ਜਾਣੂ ਕਰਵਾਇਆ ਗਿਆ। ਇਸ ਦੇ ਨਾਲ ਹੀ ਬੱਚਿਆਂ ਨੂੰ ਸਕੂਲ ਲਈ ਮਾਨਸਿਕ ਅਤੇ ਸਮਾਜਿਕ ਤੌਰ 'ਤੇ ਤਿਆਰ ਕਰਨ ਵਿੱਚ ਪਰਿਵਾਰ ਦੀ ਭੂਮਿਕਾ ਬਾਰੇ ਵੀ ਜਾਗਰੂਕ ਕੀਤਾ ਗਿਆ।
ਈ.ਸੀ.ਸੀ.ਈ. ਦਿਵਸ ਦੌਰਾਨ ਬੱਚਿਆਂ ਲਈ ਖੇਡ-ਆਧਾਰਿਤ ਸਿੱਖਣ ਗਤੀਵਿਧੀਆਂ ਕਰਵਾਈਆਂ ਗਈਆਂ। ਬੱਚਿਆਂ ਨੂੰ ਵੱਖ-ਵੱਖ ਫਲਾਂ ਅਤੇ ਸਬਜ਼ੀਆਂ ਦੀ ਪਛਾਣ ਕਰਵਾਈ ਗਈ ਅਤੇ ਉਨ੍ਹਾਂ ਨੂੰ ਰੰਗਾਂ ਅਤੇ ਆਕਾਰਾਂ ਦੇ ਆਧਾਰ 'ਤੇ ਵੱਖ-ਵੱਖ ਸਮੂਹਾਂ ਵਿੱਚ ਛਾਂਟਣ ਦੀ ਗਤੀਵਿਧੀ ਕਰਵਾਈ ਗਈ। ਇਸ ਦੌਰਾਨ ਬੱਚਿਆਂ ਨੂੰ ਸਵਾਲ ਪੁੱਛ ਕੇ ਉਨ੍ਹਾਂ ਦੀ ਸੋਚਣ-ਸਮਝਣ ਦੀ ਸਮਰੱਥਾ, ਨਿਰੀਖਣ ਸ਼ਕਤੀ ਅਤੇ ਭਾਸ਼ਾਈ ਵਿਕਾਸ ਨੂੰ ਉਤਸ਼ਾਹਿਤ ਕੀਤਾ ਗਿਆ। ਬੱਚਿਆਂ ਨੇ ਇਨ੍ਹਾਂ ਗਤੀਵਿਧੀਆਂ ਵਿੱਚ ਪੂਰੇ ਉਤਸ਼ਾਹ ਨਾਲ ਭਾਗ ਲਿਆ ਅਤੇ ਖੇਡ-ਖੇਡ ਵਿੱਚ ਸਿੱਖਣ ਦਾ ਅਨੁਭਵ ਪ੍ਰਾਪਤ ਕੀਤਾ। ਪ੍ਰੋਗਰਾਮ ਦੌਰਾਨ ਮਾਪਿਆਂ ਨਾਲ ਵਿਚਾਰ-ਵਟਾਂਦਰਾ ਵੀ ਕੀਤਾ ਗਿਆ, ਜਿਸ ਵਿੱਚ ਬੱਚਿਆਂ ਨੂੰ ਘਰ ਵਿੱਚ ਫਲਾਂ ਅਤੇ ਸਬਜ਼ੀਆਂ ਦੀ ਪਛਾਣ ਕਰਵਾਉਣ, ਸਿਹਤਮੰਦ ਅਤੇ ਗੈਰ-ਸਿਹਤਮੰਦ ਖਾਣ-ਪੀਣ ਦੀਆਂ ਚੀਜ਼ਾਂ ਵਿੱਚ ਅੰਤਰ ਸਮਝਾਉਣ ਅਤੇ ਰੋਜ਼ਾਨਾ ਸੰਤੁਲਿਤ ਭੋਜਨ ਨੂੰ ਉਤਸ਼ਾਹਿਤ ਕਰਨ ਬਾਰੇ ਚਰਚਾ ਕੀਤੀ ਗਈ। ਮਾਪਿਆਂ ਨੂੰ ਇਹ ਵੀ ਪ੍ਰੇਰਿਤ ਕੀਤਾ ਗਿਆ ਕਿ ਉਹ ਘਰ ਵਿੱਚ ਬੱਚਿਆਂ ਨਾਲ ਰੋਜ਼ਾਨਾ ਸਿੱਖਣ ਨਾਲ ਸਬੰਧਤ ਛੋਟੀਆਂ-ਛੋਟੀਆਂ ਗਤੀਵਿਧੀਆਂ ਕਰਨ ਤਾਂ ਜੋ ਬੱਚਿਆਂ ਦਾ ਸਰਵਪੱਖੀ ਵਿਕਾਸ ਯਕੀਨੀ ਬਣਾਇਆ ਜਾ ਸਕੇ।
ਇਸ ਮੌਕੇ ਭਾਗੀਦਾਰਾਂ ਵੱਲੋਂ ਬੱਚਿਆਂ ਵਿੱਚ ਪੌਸ਼ਟਿਕ ਖ਼ੁਰਾਕ, ਸਿਹਤਮੰਦ ਰੁਟੀਨ ਅਤੇ ਚੰਗੀਆਂ ਆਦਤਾਂ ਨੂੰ ਪ੍ਰਫੁੱਲਤ ਕਰਨ ਦਾ ਸਮਾਜਿਕ ਸੰਕਲਪ ਵੀ ਦੁਹਰਾਇਆ ਗਿਆ। ਪ੍ਰੋਗਰਾਮ ਦੇ ਅੰਤ ਵਿੱਚ ਸਮੂਹਿਕ ਫੋਟੋਆਂ ਖਿੱਚੀਆਂ ਗਈਆਂ ਅਤੇ ਵਿਭਾਗੀ ਹਦਾਇਤਾਂ ਅਨੁਸਾਰ ਲੋੜੀਂਦੀ ਰਿਪੋਰਟਿੰਗ ਵੀ ਯਕੀਨੀ ਬਣਾਈ ਗਈ।

# ਐਲ.ਬੀ.ਸੀ.ਟੀ. ਵੱਲੋਂ ਰੁੱਖ ਲਗਾਓ ਮੁਹਿੰਮ ਦਾ ਪਹਿਲਾ ਪੜਾਅ ਸ਼ੁਰੂ : ਢੋਸੀਵਾਲ

**ਫ਼ਰੀਦਕੋਟ (ਸ਼ਿਵਨਾਥ)** ਇਲਾਕੇ ਦੀ ਸਿਰਮੌਰ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਐਲ.ਬੀ.ਸੀ.ਟੀ. (ਲਾਰਡ ਬੁੱਧਾ ਚੈਰੀਟੇਬਲ ਟਰੱਸਟ) ਵੱਲੋਂ ਆਪਣੇ ਪਹਿਲਾਂ ਮਿਥੇ ਪ੍ਰੋਗਰਾਮ ਅਨੁਸਾਰ ਮੌਜੂਦਾ ਬਰਸਾਤੀ ਮੌਸਮ ਦੌਰਾਨ ਰੁੱਖ ਲਗਾਉਣ ਦੀ ਮੁਹਿੰਮ ਸ਼ੁਰੂ ਕਰ ਦਿੱਤੀ ਗਈ ਹੈ। ਇਸ ਮੁਹਿੰਮ ਦੇ ਪਹਿਲੇ ਪੜਾਅ ਅਧੀਨ ਅੱਜ ਇਥੋਂ ਨੇੜਲੇ ਪਿੰਡ ਕਲੇਰ ਦੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਵਿਖੇ ਵੱਖ-ਵੱਖ ਕਿਸਮ ਦੇ ਸਜਾਵਟੀ ਅਤੇ ਫਲਦਾਰ ਪੌਦਿਆਂ ਦੇ 51 ਬੂਟੇ ਲਗਾਏ ਗਏ। ਬੂਟੇ ਲਾਉਣ ਦੀ ਇਹ ਰਸਮ ਟਰੱਸਟ ਸੰਸਥਾਪਕ ਜਗਦੀਸ਼ ਰਾਏ ਢੋਸੀਵਾਲ ਨੇ ਆਪਣੀ ਸਮੁੱਚੀ ਟੀਮ ਦੀ ਮੌਜੂਦਗੀ ਵਿੱਚ ਅਦਾ ਕੀਤੀ। ਇਸ ਸਮੇਂ ਟਰੱਸਟ ਦੇ ਜਿਲ੍ਹਾ ਪ੍ਰਧਾਨ ਡੀ.ਪੀ.ਐੱਸ. ਭੋਲਾ, ਸੀਨੀਅਰ ਮੀਤ ਪ੍ਰਧਾਨ ਇੰਸ. ਰਮੇਸ਼ ਕੁਮਾਰ ਬਾਰੋਲੀਆ, ਮੁੱਖ ਸਲਾਹਕਾਰ ਸ਼੍ਰੀ ਕ੍ਰਿਸ਼ਨ ਆਰ.ਏ., ਪ੍ਰੈਸ ਸਕੱਤਰ ਸੈਕਿੰਡ ਸ਼ਿਵਨਾਥ ਦਰਦੀ ਤੇ ਸੀਨੀਅਰ ਮੈਂਬਰ ਨਿਰਮਲ ਸਿੰਘ ਸੰਧੂ ਆਦਿ ਮੌਜੂਦ ਸਨ। ਸਕੂਲ ਦੀ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਗੁਰਮੀਤ ਸਿੰਘ ਨੇ ਇਸ ਮੌਕੇ ਉਚੇਚੇ ਤੌਰ ’ਤੇ ਮੌਜੂਦ ਸਨ। ਸਕੂਲ ਸਟਾਫ ਦੇ ਗਗਨ ਮੋਂਗਾ, ਕਿਰਨਦੀਪ ਕੌਰ ਅਤੇ ਸੁਖਵਿੰਦਰ ਕੌਰ ਤੋਂ ਇਲਾਵਾ ਸਕੂਲੀ



ਵਿਦਿਆਰਥੀ ਸਨ। ਬੂਟੇ ਲਾਉਣ ਉਪਰੰਤ ਸੰਸਥਾਪਕ ਢੋਸੀਵਾਲ ਨੇ ਕਿਹਾ ਕਿ ਅਜੋਕੇ ਸਮੇਂ ਵਿੱਚ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਰੁੱਖ ਵਾਤਾਵਰਣ ਨੂੰ ਸ਼ੁਧ ਰੱਖਣ ਵਿੱਚ ਸਭ ਤੋਂ ਵੱਧ ਮਹੱਤਵ ਪੂਰਨ ਰੋਲ ਅਦਾ ਕਰਦੇ ਹਨ। ਇਸ ਮੌਕੇ ਜਿਲ੍ਹਾ ਪ੍ਰਧਾਨ ਭੋਲਾ ਗਰੇਵਾਲ ਨੇ ਰੁੱਖਾਂ ਦੀ ਸੇਵਾ ਸੰਭਾਲ ’ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਰੁੱਖ ਲਾਉਣੇ ਜ਼ਰੂਰੀ ਹਨ ਪਰੰਤੂ ਉਨ੍ਹਾਂ ਦੀ ਸੰਭਾਲ ਅਤਿ ਜ਼ਰੂਰੀ ਹੈ। ਸਕੂਲ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਨੇ ਵਿਸ਼ਵਾਸ਼ ਦਿਵਾਇਆ ਕਿ ਉਹ ਟਰੱਸਟ ਵੱਲੋਂ ਅੱਜ ਲਗਾਏ ਗਏ ਪੌਦਿਆਂ ਦੀ ਸਹੀ ਢੰਗ ਨਾਲ ਦੇਖ ਰੇਖ ਅਤੇ ਸੇਵਾ ਸੰਭਾਲ ਕਰਨਗੇ। ਸਕੂਲ ਸਟਾਫ ਵੱਲੋਂ ਸੀਨੀਅਰ ਅਧਿਆਪਕ ਗਗਨ ਮੋਂਗਾ ਨੇ ਟਰੱਸਟ ਦੀ ਸਮੁੱਚੀ ਟੀਮ ਦਾ ਸਵਾਗਤ ਕਰਦੇ ਹੋਏ ਅੱਜ ਉਨ੍ਹਾਂ ਦੇ ਸਕੂਲ ਵਿੱਚ ਪੌਦੇ ਲਗਾਉਣ ਲਈ ਧੰਨਵਾਦ ਕੀਤਾ। ਉਕਤ ਜਾਣਕਾਰੀ ਦਿੰਦੇ ਹੋਏ ਸ੍ਰੀ ਢੋਸੀਵਾਲ ਨੇ ਦੱਸਿਆ ਹੈ ਕਿ ਟਰੱਸਟ ਵੱਲੋਂ ਰੁੱਖ ਲਗਾਉਣ ਦੇ ਪਹਿਲੇ ਪੜਾਅ ਅਧੀਨ ਜਿਲ੍ਹੇ ਦੇ ਕੁੱਲ ਪੰਜ ਸਕੂਲਾਂ ਵਿੱਚ 51-51 ਪੌਦੇ ਲਗਾਏ ਜਾਣਗੇ।

# ਇੰਦਣਾ ਕਲਸਕੇ ਵਿਖੇ ਦੋ ਰੋਜ਼ਾ ਸਾਲਾਨਾ ਜੋੜ ਮੇਲਾ ਸ਼ਾਨੋ ਸ਼ੌਕਤ ਨਾਲ ਹੋਇਆ ਸਮਾਪਤ

**ਫਿਲੌਰ/ਅੱਪਰਾ,10 ਜੁਲਾਈ (ਦੀਪਾ)**-ਪਿੰਡ ਇੰਦਣਾਂ ਕਲਾਸਕੇ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਦਰਬਾਰ ਸਾਈਂ ਬਾਬਾ ਬੁਲੰਦੀ ਸ਼ਾਹ ਜੀ ਕਾਦਰੀ ਜੀ ਦੀ ਪ੍ਰਬੰਧਕ ਕਮੇਟੀ ਵੱਲੋਂ ਅਤੇ ਨਗਰ ਨਿਵਾਸੀਆਂ ਤੇ ਐੱਨ. ਆਰ. ਆਈਜ਼ ਵੀਰਾਂ ਅਤੇ ਸਮੂਹ ਗ੍ਰਾਮ ਪੰਚਾਇਤ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾਵਾਂ ਨਾਲ ਮਨਾਇਆ ਗਿਆ। ਇਸ ਸਮੇਂ ਸੇਵਾਦਾਰ ਸੁੱਚਾ ਰਾਮ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮੇਲੇ ਦੇ ਪਹਿਲੇ ਦਿਨ ਦੀ ਸਵੇਰੇ 11ਵਜੇ ਝੰਡਾ ਚੜਾਉਣ ਦੀ ਰਸਮ ਅਦਾ ਕੀਤੀ ਗਈ, ਸ਼ਾਮ 4 ਵਜੇ ਖ਼ੁਆਜਾ ਜ਼ਿੰਦਾ ਪੀਰ ਜੀ ਦੇ ਪੰਜ ਬੇੜੇ ਤਾਰਨ ਦੀ ਰਸਮ ਅਦਾ ਕੀਤੀ ਗਈ, ਉਪਰੰਤ ਚਿਰਾਗ ਰੌਸ਼ਨ ਕਰਨ ਦੀ ਰਸਮ ਅਦਾ ਕੀਤੀ ਗਈ। ਦੇਰ ਸ਼ਾਮ ਨੂੰ ਮਹਿੰਦੀ ਦੀ ਰਸਮ ਅਦਾ ਕੀਤੀ ਗਈ। ਮੇਲੇ ਦੇ ਦੂਸਰੇ ਦਿਨ ਸਵੇਰੇ 11 ਵਜੇ ਸਾਈਂ ਬਾਬਾ ਬੁਲੰਦੀ ਸ਼ਾਹ ਜੀ ਕਾਦਰੀ ਦੇ ਦਰਬਾਰ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤਾਂ ਵੱਲੋਂ ਚਾਦਰਾਂ ਚੜਾਉਣ ਦੀ ਰਸਮ ਅਦਾ ਕੀਤੀ,



ਉਪਰੰਤ ਸਟੇਜ ਦੀ ਕਾਰਵਾਈ ਸ਼ੁਰੂ ਕੀਤੀ ਗਈ ਜਿਸ 'ਚ ਕਵਾਲਿਏ ਮਹਿਫ਼ਲ ਸਜਾਈ ਗਈ, ਜਿਸ 'ਚ ਰੌਕੀ ਕਵਾਲ ਐਂਡ ਪਾਰਟੀ ਫਗਵਾੜੇ ਵਾਲੇ, ਗਾਇਕ ਲਵੀ ਪ੍ਰੀਤ ਲਵ ਬਸੰਤ ਨਗਰ ਫਗਵਾੜੇ ਵਾਲੇ, ਅਮਰੀਕ ਮਨੀ ਇੰਦਣਾਂ ਨੇ ਪੀਰਾਂ ਫ਼ਕੀਰਾਂ ਦੀਆਂ ਕਵਾਲਿਆ ਤੇ ਗੀਤ ਗਾਕੇ ਕੇ ਆਇਆ ਸੰਗਤਾਂ ਨੂੰ ਝੂਮਣ ਲਗਾ ਦਿੱਤਾ।ਮੇਲੇ ਦੂਰਾਨ ਸ਼ੀਤਲ ਮਹੰਤ ਦੁਸਾਂਝ ਕਲਾਂ ਵਾਲਿਆਂ ਦੀ ਪ੍ਰੀਤ ਨਕਾਲ ਐਂਡ ਪਾਰਟੀ ਵੱਲੋਂ ਨਕਲਾਂ ਕਰਕੇ ਆਇਆਂ ਸੰਗਤਾਂ ਨੂੰ ਹੱਸ-ਹੱਸ ਕੇ ਢਿੱਡੀ ਪੀੜਾਂ ਪਾਇਆ। ਮੇਲੇ ਦੁਰਾਨ ਵੱਖ-ਵੱਖ ਦਰਬਾਰਾਂ ਤੋਂ ਫ਼ੱਕਰ ਫ਼ਕੀਰਾਂ ਦੀ ਆਮਦ ਹੋਈ ਜਿਨ੍ਹਾਂ 'ਚ ਤ੍ਰਿਵੈਣੀ ਮੰਦਰ ਰੋਜ਼ਾ ਰਾਮ ਦਿੱਤੇ ਸ਼ਾਹ ਜੀ ਕਾਦਰੀ ਦੇ ਦਰਬਾਰ ਦੇ ਗੱਦੀ ਨਸ਼ੀਨ ਬਾਬਾ ਬਲਦੇਵ ਸ਼ਾਹ ਜੀ ਕਾਦਰੀ ਪਿੰਡ ਇੰਦਣਾਂ ਕਲਾਸਕੇ ਵਾਲਿਆ ਨੇ ਆਇਆ ਸੰਗਤਾਂ ਨੂੰ ਦਰਸ਼ਨ ਦਿਦਾਰੇ ਦਿੱਤੇ। ਇਸ ਮੌਕੇ ਸੇਵਾਦਾਰ ਸੁੱਚਾ ਰਾਮ ਨੇ ਮੇਲੇ ਦੁਰਾਨ ਸੰਗਤਾਂ ਵੱਲੋਂ ਦਿੱਤੇ ਸਹਿਯੋਗ ਲਈ ਤਹਿਦਿਲੋਂ ਧੰਨਵਾਦ ਕੀਤਾ ਅਤੇ ਉਨ੍ਹਾਂ ਸਹਿਯੋਗੀ ਸੱਜਣ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਉਨ੍ਹਾਂ ਅੱਗੇ ਦੱਸਿਆ ਕਿ ਮੇਲੇ ਦੇ ਦੋਨੋਂ ਦਿਨ ਸਵੇਰ ਤੋਂ ਚਾਹ-ਪਕੌੜਿਆਂ ਅਤੇ ਠੰਡੇ ਮਿੱਠੇ ਜਲ ਦੀ ਛਬੀਲਾਂ ਲਗਾਈਆਂ ਤੇ ਬਾਅਦ ਦੁਪਿਹਰ ਪੀਰਾਂ ਦਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਦਰਬਾਰ ਦੀ ਪ੍ਰਬੰਧਕ ਕਮੇਟੀ ਦੇ ਸਮੂਹ ਮੈਂਬਰਾਂ ਤੋਂ ਇਲਾਵਾਂ ਇਲਾਕੇ ਭਰ ਤੋਂ ਪਤਵੰਤੇ ਸੱਜਣ ਅਤੇ ਭਾਰੀ ਗਿਣਤੀ ਵਿੱਚ ਸੰਗਤਾਂ ਆਦਿ ਹਾਜ਼ਰ ਸਨ। ਸਟੇਜ਼ ਸਕੱਤਰ ਭੂਮਿਕਾ ਕੇ.ਐੱਲ. ਜੱਸੀ ਨੇ ਬਾਖ਼ੂਬੀ ਨਿਭਾਈ।

# ਪੰਜਾਬ ਦੇ ਕਾਲੇ ਦੌਰ ਦਾ ਸੱਚ ਜਾਣਨ ਲਈ ਦਿਖਾਈ ਜਾਣੀ ਚਾਹੀਦੀ ਹੈ ਫਿਲਮ 'ਸਤਲੁਜ'-ਐਡਵੋਕੇਟ ਸੰਜੀਵ ਚੋਧਰੀ ਚੇਚੀ

## ਕਾਂਗਰਸ ਨੂੰ ਲੰਮੇ ਹੱਥੀਂ ਲੈਂਦਿਆਂ ਕਿਹਾ ਕਿ ਕਾਂਗਰਸ ਬਣ ਚੁੱਕੀ ਹੈ ਝਗੜਾ ਪਾਰਟੀ

**ਨਵਾਂਸ਼ਹਿਰ 10 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ )-ਪੰਜਾਬ** ਦੇ ਕਾਲੇ ਦੌਰਾਨ ਬਾਰੇ ਬਣਾਈ ਗਈ ਫਿਲਮ 'ਸਤਲੁਜ ਲੋਕਾਂ ਨੂੰ ਜ਼ਰੂਰ ਦਿਖਾਈ ਜਾਣੀ ਚਾਹੀਦੀ ਹੈ ਤਾਂ ਜੋ ਉਸ ਦੌਰ ਦਾ ਸੱਚ ਲੋਕਾਂ ਸਾਹਮਣੇ ਆ ਸਕੇ। ਇਹ ਉਸ ਦੌਰ ਦਾ ਕੌੜਾ ਸੱਚ ਹੈ, ਜੋ ਪੰਜਾਬੀਆਂ ਦੇ ਜ਼ਖ਼ਮਾਂ ਨੂੰ ਬਿਆਨਦਾ ਹੈ। ਇਤਿਹਾਸ ਚੰਗਾ ਜਾਂ ਮਾੜਾ ਹੋਵੇ, ਉਸ ਬਾਰੇ ਲੋਕਾਂ ਨੂੰ ਜ਼ਰੂਰ ਜਾਣਨਾ ਚਾਹੀਦਾ ਹੈ ਤਾਂ ਜੋ ਇਤਿਹਾਸ ਵਿਚ ਕੀਤੀਆਂ ਗਈਆਂ ਗਲਤੀਆਂ ਤੋਂ ਸਿੱਖਿਆ ਲੈ ਕੇ ਸੁਧਾਰ ਕੀਤਾ ਜਾ ਸਕੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਜ਼ਿਲ੍ਹਾਂ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਸੰਜੀਵ ਚੋਧਰੀ ਚੇਚੀ ਨੇ ਕਾਠਗੜ੍ਹ ਵਿਖੇ ਅਜੀਤ ਦੇ ਦਫ਼ਤਰ ਅਜੀਤ ਦੇ ਪੱਤਰਕਾਰ ਹਰਸਿਮਰਨ ਜੋਤ ਸਿੰਘ ਕਲੇਰ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਇਸ ਫਿਲਮ ਵਿਚ ਕਾਂਗਰਸ ਦੇ ਕਾਲੇ ਕਾਰਨਾਮਿਆਂ ਦਾ ਪਰਦਾਫਾਸ਼ ਕੀਤਾ ਗਿਆ ਹੈ, ਜਿਸ ਨੂੰ ਰੋਕਣਾ ਵੱਡੀ ਸਾਜ਼ਿਸ਼ ਹੈ। ਫਿਲਮ ਰੋਕੇ ਜਾਣ ਨੂੰ ਲੈ ਕੇ ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਵਲੋਂ ਦਿੱਤੇ ਗਏ ਬਿਆਨ ਬਾਰੇ ਪੁੱਛੇ ਜਾਣ 'ਤੇ ਐਡਵੋਕੇਟ ਚੇਚੀ ਨੇ ਕਿਹਾ ਕਿ ਇਸ ਦਾ ਜਵਾਬ ਤਾਂ ਰਵਨੀਤ ਬਿੱਟੂ ਜਾਂ ਭਾਰਤੀ ਜਨਤਾ ਪਾਰਟੀ ਹੀ ਦੇ ਸਕਦੀ ਹੈ ਪਰ ਇਹ ਸਮਝ ਨਹੀਂ ਆ ਰਹੀ ਕਿ ਉਸ ਦੌਰ ਦੇ ਕਾਂਗਰਸ ਦੇ ਕਾਲੇ ਕਾਰਨਾਮਿਆਂ ਨੂੰ ਲੁਕਾਉਣ ਲਈ ਭਾਜਪਾ ਕਿਉਂ ਉਸ ਦਾ ਬਚਾਅ ਕਰ ਰਹੀ ਹੈ।ਕਾਂਗਰਸ ਵਿਚ ਇਕ ਵਾਰ ਫਿਰ ਸਿਖਰ 'ਤੇ ਪੁੱਜੀ ਅੰਦਰੂਨੀ ਧੜੇਬੰਦੀ ਬਾਰੇ ਪੁੱਛੇ ਜਾਣ 'ਤੇ ਐਡਵੋਕੇਟ ਚੇਚੀ ਨੇ ਕਿਹਾ ਕਿ ਕਾਂਗਰਸ ਪਾਰਟੀ ਹੁਣ ਝਗੜਾ ਪਾਰਟੀ ਬਣ ਚੁੱਕੀ ਹੈ। ਇਸ ਦੇ ਸਾਰੇ ਆਗੂ ਆਪਣੇ ਆਪ ਨੂੰ ਪੰਜਾਬ ਦਾ ਪ੍ਰਧਾਨ ਸਮਝਦੇ ਹਨ, ਚਾਹੇ ਵੜਿੰਗ ਅਤੇ ਹੋਰ ਕਾਂਗਰਸੀ ਆਗੂ ਹੋਵੇ, ਆਪਣੀ ਚੌਧਰ ਲਈ ਲੜ ਰਿਹਾ ਹੈ। ਪਰ ਉਹਨਾਂ ਨੇ ਕਿਹਾ ਕਿ 2027 ਦੀਆਂ ਚੋਣਾਂ ਵਿੱਚ ਪੰਜਾਬ ਦੇ ਲੋਕ ਕਾਂਗਰਸ ਨੂੰ ਦੱਸ ਦੇਣ ਗੇ ਸਿਰਫ ਆਮ ਆਦਮੀ ਪਾਰਟੀ ਹੀ ਹੈ ਜੋ ਕਹਿੰਦੀ ਹੈ ਉਹ ਕਰਦੀ ਹੈ ਜਿਸ ਨੂੰ ਦੱਸਣ ਦੀ ਲੋੜ ਨਹੀਂ ਹੈ ਸਭ ਕੁਝ ਸਾਫ ਦਿਖਦਾ ਹੈ ਜੋ ਪੰਜਾਬ ਦੇ ਲੋਕਾਂ ਦੇ ਸਾਹਮਣੇ ਹੈ।



# ਸਰੀ ਦੇ ਬਾਪੂਆਂ ਨੇ ਮਨਾਈ ਪਿਕਨਿਕ

**ਵੈਨਕੂਵਰ, ਜੁਲਾਈ (ਮਲਕੀਤ ਸਿੰਘ)-** ਮਿੰਨੀ ਪੰਜਾਬ ਵਜੋਂ ਜਾਣੇ ਜਾਂਦੇ ਕੈਨੇਡਾ ਦੇ ਸਰੀ ਸ਼ਹਿਰ ਦੇ ਵਸਨੀਕ ਪੰਜਾਬੀ ਮੂਲ ਦੇ ਕੁਝ ਬਜ਼ੁਰਗਾਂ ਨੇ ਆਪਸੀ ਸਹਿਯੋਗ ਨਾਲ ਸਰੀ ਬੈਂਡ ਰਿਵਰ ਪਾਰਕ ਵਿੱਚ ਇਕੱਠੇ ਹੋ ਕੇ ਪਿਕਨਿਕ ਮਨਾਈ ਸਵੇਰੇ 11 ਵਜੇ ਤੋਂ ਸ਼ਾਮ 5 ਵਜੇ ਤੱਕ ਮਨਾਈ ਗਈ ਇਸ ਪਿਕਨਿਕ ਦੌਰਾਨ ਜਿੱਥੇ ਕਿ ਉਹਨਾਂ ਵੱਲੋਂ ਇੱਕ ਦੂਜੇ ਨਾਲ ਗੱਲਾਂਬਾਤਾਂ ਕਰਦਿਆਂ ਪੁਰਾਣੀਆਂ ਯਾਦਾਂ ਦੀ ਸਾਂਝ ਪਾਈ ਗਈ, ਉੱਥੇ ਨਾਲ ਲਿਆਂਦੇ ਗਏ ਸਵਾਦਲੇ ਖਾਣਿਆਂ ਦਾ ਵੀ ਸਾਰਿਆਂ ਨੇ ਰਲ ਮਿਲ ਕੇ ਆਨੰਦ ਮਾਣਿਆ ਹੋਰਨਾਂ ਤੋਂ ਇਲਾਵਾ ਇਸ ਮੌਕੇ ਤੇ ਹਾਜ਼ਰ ਬਜ਼ੁਰਗਾਂ ਵਿੱਚ ਬਲਬੀਰ ਸਿੰਘ ਢਿੱਲੋਂ, ਗੁਰਦਿਆਲ ਸਿੰਘ ਜੌਹਲ,ਗੁਰਦਰਸ਼ਨ ਸਿੰਘ ਤਤਲਾ, ਸੁਰਿੰਦਰ ਅਟਵਾਲ, ਚਮਕੌਰ ਸਿੰਘ, ਅੱਜਲਾ ਸਾਹਿਬ,ਸੁਰਜੀਤ ਸਿੰਘ, ਗਰਚਾ ਜੀ ਅਤੇ ਸੂਰਜ ਮਲ ਆਦਿ ਦੇ ਨਾਮ ਜ਼ਿਕਰਯੋਗ ਹਨ।



**ਪਿਕਨਿਕ ਦੌਰਾਨ ਇਕੱਤਰ ਹੋਏ ਬਜ਼ੁਰਗਾਂ ਦਾ ਇੱਕ ਟੋਲਾ।**

# ਸਬ ਇੰਸਪੈਕਟਰ ਸੁਖਵਿੰਦਰਪਾਲ ਸਿੰਘ ਸੋਢੀ ਨੇ ਪੁਲਿਸ ਚੌਂਕੀ ਅੱਪਰਾ ਦਾ ਅਹੁਦਾ ਸੰਭਾਲਿਆ

**ਫਿਲੌਰ/ਅੱਪਰਾ,10 ਜੁਲਾਈ (ਦੀਪਾ)**-ਸਬ ਇੰਸਪੈਕਟਰ ਸੁਖਵਿੰਦਰਪਾਲ ਸਿੰਘ ਸੋਢੀ ਨੇ ਪੁਲਿਸ ਚੌਂਕੀ ਅੱਪਰਾ ਦਾ ਅਹੁਦਾ ਸੰਭਾਲ ਲਿਆ ਹੈ। ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਉਨਾਂ ਮਾੜੇ, ਗਲਤ ਤੇ ਨਸ਼ਾ ਤਸਕਰਾਂ ਨੂੰ ਸਖ਼ਤ ਤਾੜਨਾ ਕਰਦੇ ਹੋਏ ਕਿਹਾ ਕਿ ਉਹ ਸਾਰੇ ਸਮਾਜ ਵਿਰੋਧੀ ਕੰਮ ਛੱਡ ਕੇ ਸਮਾਜ ਵਿੱਚ ਚੰਗੀ ਤਰ੍ਹਾਂ ਵਿਚਰਨ। ਇਸ ਮੌਕੇ ਉਨਾਂ ਇਲਾਕਾ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਨਬਾਲਿਗ ਬੱਚਿਆਂ ਨੂੰ ਵਹੀਕਲ ਚਲਾਉਣ ਤੋਂ ਮਨਾਂ ਕਰਨ ਨਹੀਂ ਤਾਂ ਮਾਪਿਆਂ ਦੇ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਉਨਾਂ ਕਿਹਾ ਕਿ ਕੋਈ ਵੀ ਇਨਸਾਨ ਪਸੰਦ ਵਿਅਕਤੀ ਪੁਲਿਸ ਨੂੰ ਦਿਨ ਰਾਤ ਫੋਨ ਕਰਕੇ ਆਪਣੀ ਸਮੱਸਿਆ ਦੱਸ ਸਕਦਾ ਹੈ, ਜਿਸ ਦਾ ਤਰੁੰਤ ਹਲ ਕੀਤਾ ਜਾਵੇਗਾ।



# ਸੰਦੀਪ ਲੱਲੀਆਂ – ਕਬੱਡੀ ਦਾ ਉੱਡਦਾ ਸਿਤਾਰਾ

**ਕੈਨੇਡਾ (ਹਰਜਿੰਦਰ ਪਾਲ ਛਾਬੜਾ)** ਪੰਜਾਬ ਦੀ ਸਰਕਲ ਕਬੱਡੀ ਦੇ ਇਤਿਹਾਸ ਵਿੱਚ ਕੁਝ ਖਿਡਾਰੀ ਅਜਿਹੇ ਹੋਏ ਹਨ ਜਿਨ੍ਹਾਂ ਨੇ ਸਿਰਫ਼ ਮੈਚ ਨਹੀਂ ਜਿੱਤੇ, ਸਗੋਂ ਆਪਣੇ ਖੇਡ ਅੰਦਾਜ਼ ਨਾਲ ਦਰਸ਼ਕਾਂ ਦੇ ਦਿਲ ਵੀ ਜਿੱਤੇ। ਉਹਨਾਂ ਹੀ ਚੁਣਿੰਦੇ ਮਹਾਨ ਰੇਡਰਾਂ ਵਿੱਚੋਂ ਇੱਕ ਨਾਮ ਹੈ ਸੰਦੀਪ ਲੱਲੀਆਂ ਦਾ। ਜਲੰਧਰ ਜ਼ਿਲ੍ਹੇ ਦੇ ਪਿੰਡ ਲੱਲੀਆਂ ਦੀ ਧਰਤੀ ਤੋਂ ਉੱਠਿਆ ਇਹ ਖਿਡਾਰੀ ਆਪਣੇ ਸਮੇਂ ਦਾ ਸਭ ਤੋਂ ਰੋਮਾਂਚਕ ਅਤੇ ਦਿਲਕਸ਼ ਰੇਡਰ ਮੰਨਿਆ ਜਾਂਦਾ ਹੈ। ਅੱਜ ਉਹ ਕੈਨੇਡਾ ਦੇ ਟੋਰਾਂਟੋ ਸ਼ਹਿਰ ਵਿੱਚ ਵੱਸਦਾ ਹੈ, ਪਰ ਕਬੱਡੀ ਪ੍ਰੇਮੀਆਂ ਦੇ ਦਿਲਾਂ ਵਿੱਚ ਉਸਦੀ ਪਹਿਚਾਣ ਅਜੇ ਵੀ ਇੱਕ ਮਹਾਨ ਰੇਡਰ ਵਜੋਂ ਜਿਉਂਦੀ ਹੈ।ਸੰਦੀਪ ਲੱਲੀਆਂ ਦੀ ਸਭ ਤੋਂ ਵੱਡੀ ਖਾਸੀਅਤ ਉਸਦੀ ਉੱਚੀ ਛਾਲ (Jump) ਸੀ। ਜਦੋਂ ਉਹ ਰੇਡ ਲਈ ਮੈਦਾਨ ਵਿੱਚ ਆਉਂਦਾ ਸੀ ਤਾਂ ਦਰਸ਼ਕ ਸਿਰਫ਼ ਅੰਕਾਂ ਦੀ ਉਡੀਕ ਨਹੀਂ ਕਰਦੇ ਸਨ, ਉਹ ਉਸਦੀ ਮਸ਼ਹੂਰ ਛਾਲ ਦੇਖਣ ਲਈ ਬੇਤਾਬ ਰਹਿੰਦੇ ਸਨ। ਕਈ ਵਾਰ ਤਾਂ ਮੈਚ ਦੇ ਦਰਸ਼ਕ ਉੱਚੀ ਆਵਾਜ਼ ਵਿੱਚ "ਜੰਪ , ਜੰਪ " ਦੀਆਂ ਅਵਾਜ਼ਾਂ ਲਾਉਂਦੇ ਸਨ। ਜਿਵੇਂ ਹੀ ਸੰਦੀਪ ਹਵਾ ਵਿੱਚ ਉੱਡਦਾ ਸੀ, ਸਟੇਡੀਅਮ ਵਿੱਚ ਬੈਠੇ ਹਜ਼ਾਰਾਂ ਦਰਸ਼ਕਾਂ ਦਾ ਜੋਸ਼ ਸੱਤਵੇਂ ਅਸਮਾਨ 'ਤੇ ਪਹੁੰਚ ਜਾਂਦਾ ਸੀ।ਉਸਦੀ ਰੇਡਿੰਗ ਵਿੱਚ ਤਾਕਤ, ਫੁਰਤੀ, ਸੰਤੁਲਨ ਅਤੇ ਦਿਮਾਗੀ ਚਾਲਾਕੀ ਦਾ ਅਦਭੁੱਤ ਮੇਲ ਸੀ। ਵਿਰੋਧੀ ਜਾਫੀਆਂ ਲਈ ਇਹ ਅੰਦਾਜ਼ਾ ਲਗਾਉਣਾ ਮੁਸ਼ਕਲ ਹੋ ਜਾਂਦਾ ਸੀ ਕਿ ਉਹ ਕਿਸ ਪਾਸੇ ਤੋਂ ਹਮਲਾ ਕਰੇਗਾ ਅਤੇ ਕਿਸ ਵੇਲੇ ਛਾਲ ਮਾਰ ਕੇ ਨਿਕਲ ਜਾਵੇਗਾ। ਉਸਦੀ ਰੇਡ ਸਿਰਫ਼ ਖੇਡ ਨਹੀਂ ਸੀ, ਇੱਕ ਤਰ੍ਹਾਂ ਦਾ ਮਨੋਰੰਜਨ ਸੀ ਜਿਸ ਲਈ ਲੋਕ ਦੂਰ-ਦੂਰ ਤੋਂ ਟੂਰਨਾਮੈਂਟਾਂ ਵਿੱਚ ਪਹੁੰਚਦੇ ਸਨ।ਕੈਨੇਡਾ, ਅਮਰੀਕਾ, ਇੰਗਲੈਂਡ ਅਤੇ ਹੋਰ ਦੇਸ਼ਾਂ ਵਿੱਚ ਹੋਣ ਵਾਲੇ ਵੱਡੇ ਕਬੱਡੀ ਕੱਪਾਂ ਵਿੱਚ ਵੀ ਸੰਦੀਪ ਲੱਲੀਆਂ ਨੇ ਆਪਣੀ ਖੇਡ ਦਾ ਲੋਹਾ ਮਨਵਾਇਆ। ਕਬੱਡੀ ਦੇ ਕਈ ਜਾਣਕਾਰਾਂ ਅਤੇ ਮੀਡੀਆ ਪਲੇਟਫਾਰਮਾਂ ਨੇ ਉਸਨੂੰ "Legend" ਅਤੇ "Living Legend" ਵਜੋਂ ਸਨਮਾਨਿਤ ਕੀਤਾ ਹੈ। ਉਸਦੀ ਲੋਕਪ੍ਰਿਯਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਅੱਜ ਵੀ ਉਸਦੇ ਪੁਰਾਣੇ ਮੈਚਾਂ ਦੀਆਂ ਵੀਡੀਓਜ਼ ਕਬੱਡੀ ਪ੍ਰੇਮੀ ਬੜੇ ਚਾਅ ਨਾਲ ਦੇਖਦੇ ਹਨ। ਸੰਦੀਪ ਲੱਲੀਆਂ ਦੀ ਖੇਡ ਨੇ ਇੱਕ ਪੂਰੀ ਪੀੜ੍ਹੀ ਨੂੰ ਪ੍ਰਭਾਵਿਤ ਕੀਤਾ। ਬਹੁਤ ਸਾਰੇ ਨੌਜਵਾਨ ਰੇਡਰ ਉਸਦੀ ਛਾਲ, ਉਸਦੀ ਚਾਲ ਅਤੇ ਉਸਦੀ ਹਿੰਮਤ ਨੂੰ ਆਪਣਾ ਆਦਰਸ਼ ਮੰਨ ਕੇ ਮੈਦਾਨ ਵਿੱਚ ਉਤਰੇ। ਉਸਨੇ ਸਾਬਤ ਕੀਤਾ ਕਿ ਕਬੱਡੀ ਸਿਰਫ਼ ਤਾਕਤ ਦੀ ਖੇਡ ਨਹੀਂ, ਸਗੋਂ ਕਲਾ, ਸੰਤੁਲਨ ਅਤੇ ਆਤਮ-ਵਿਸ਼ਵਾਸ ਦੀ ਵੀ ਖੇਡ ਹੈ।ਅੱਜ ਭਾਵੇਂ ਉਹ ਸਰਗਰਮ ਖੇਡ ਤੋਂ ਦੂਰ ਹੈ ਅਤੇ ਟੋਰਾਂਟੋ ਵਿੱਚ ਆਪਣਾ ਜੀਵਨ ਬਤੀਤ ਕਰ ਰਿਹਾ ਹੈ, ਪਰ ਜਦੋਂ ਵੀ ਸਰਕਲ ਕਬੱਡੀ ਦੇ ਮਹਾਨ ਰੇਡਰਾਂ ਦੀ ਗੱਲ ਹੁੰਦੀ ਹੈ ਤਾਂ ਸੰਦੀਪ ਲੱਲੀਆਂ ਦਾ ਨਾਮ ਪੂਰੇ ਸਤਿਕਾਰ ਨਾਲ ਲਿਆ ਜਾਂਦਾ ਹੈ। ਉਸਦੀ ਉੱਡਦੀ ਛਾਲ, ਮੁਸਕਰਾਉਂਦਾ ਚਿਹਰਾ ਅਤੇ ਮੈਦਾਨ ਵਿੱਚ ਦਿਖਾਇਆ ਗਿਆ ਦਿਲੇਰੀ ਭਰਿਆ ਖੇਡ ਅੰਦਾਜ਼ ਹਮੇਸ਼ਾ ਕਬੱਡੀ ਦੇ ਇਤਿਹਾਸ ਦਾ ਸੁਨਹਿਰੀ ਹਿੱਸਾ ਰਹੇਗਾ।ਸੰਦੀਪ ਲੱਲੀਆਂ ਸਿਰਫ਼ ਇੱਕ ਖਿਡਾਰੀ ਨਹੀਂ ਸੀ, ਉਹ ਇੱਕ ਅਜਿਹਾ ਰੇਡਰ ਸੀ ਜਿਸਨੂੰ ਦੇਖਣ ਲਈ ਲੋਕ ਟਿਕਟ ਖਰੀਦਦੇ ਸਨ ਅਤੇ ਜਿਸਦੀ ਇੱਕ ਛਾਲ ਅੱਜ ਵੀ ਕਬੱਡੀ ਪ੍ਰੇਮੀਆਂ ਦੀਆਂ ਯਾਦਾਂ ਵਿੱਚ ਜ਼ਿੰਦਾ ਹੈ।

**ਲੇਖਕ ਗੋਲਡੀ ਢਿੱਲੋਂ**



# ਪੰਜਾਬ ਵਿੱਚ ਧੀਆਂ ਨੂੰ ਸੰਧਾਰਾ ਦੇਣ ਦਾ ਰਿਵਾਜ

ਪੰਜਾਬੀ ਲੋਕ ਆਪਣੇ ਅਮੀਰ ਸੱਭਿਆਚਾਰ, ਰੀਤੀ-ਰਿਵਾਜਾਂ ਅਤੇ ਪਰਿਵਾਰਕ ਰਿਸ਼ਤਿਆਂ ਦੀ ਮਿਠਾਸ ਲਈ ਸੰਸਾਰ ਭਰ ਵਿੱਚ ਜਾਣੇ ਜਾਂਦੇ ਹਨ। ਜੇ ਗਹੁ ਨਾਲ ਵਾਚੀਏ ਤਾਂ ਪਤਾ ਲੱਗਦਾ ਹੈ ਕਿ ਹਰ ਤਿਉਹਾਰ ਅਤੇ ਰਸਮਾਂ ਰਿਵਾਜਾਂ ਨਾਲ ਸਾਡਾ ਕੋਈ ਨਾ ਕੋਈ ਰਿਸ਼ਤਾ ਵੀ ਜ਼ਰੂਰ ਜੁੜਿਆ ਹੋਇਆ ਹੁੰਦਾ ਹੈ। ਇਸ ਦਾ ਮਕਸਦ ਸਿੱਧੇ ਤੌਰ ਤੇ ਰਿਸ਼ਤਿਆਂ ਵਿੱਚ ਮਿਠਾਸ ਭਰ ਕੇ ਤਿਉਹਾਰ ਦੀ ਖੁਸ਼ੀ ਨੂੰ ਦੁੱਗਣਾ ਕਰਨਾ ਹੁੰਦਾ ਹੈ। ਵੈਸੇ ਤਾਂ ਹਰ ਦਿਨ-ਤਿਉਹਾਰ ਤੇ ਕਦੇ ਭੈਣਾਂ ਵੱਲੋਂ ਭਰਾਵਾਂ ਦਾ ਤੇ ਭਰਾਵਾਂ ਵੱਲੋਂ ਭੈਣਾਂ ਦਾ, ਮਾਪਿਆਂ ਵੱਲੋਂ ਧੀਆਂ ਦਾ ਮਾਣ ਵਧਾਇਆ ਜਾਂਦਾ ਹੈ ਪਰ ਧੀਆਂ ਨੂੰ ਸੰਧਾਰਾ ਦੇਣ ਦਾ ਰਿਵਾਜ ਸਾਡੇ ਪੰਜਾਬੀ ਸਭਿਆਚਾਰ ਦਾ ਇੱਕ ਅਹਿਮ ਹਿੱਸਾ ਹੈ। ਸੰਧਾਰਾ ਦੇਣ ਦਾ ਰਿਵਾਜ ਕੇਵਲ ਤੋਹਫ਼ੇ ਦੇਣ ਦੀ ਰਸਮ ਨਹੀਂ, ਸਗੋਂ ਧੀ ਪ੍ਰਤੀ ਪਿਆਰ, ਸਤਿਕਾਰ ਅਤੇ ਆਪਣੇਪਣ ਦੀ ਨਿਸ਼ਾਨੀ ਹੈ। ਸੰਧਾਰਾ ਪੇਕੇ ਘਰ ਦੀਆਂ ਉਹਨਾਂ ਭਾਵਨਾਵਾਂ ਦਾ ਪ੍ਰਗਟਾਵਾ ਹੈ, ਜੋ ਵਿਆਹ ਤੋਂ ਬਾਅਦ ਵੀ ਧੀ ਨਾਲ ਦਿਲੋਂ ਅਤੇ ਭਾਵਨਾਤਮਕ ਤੌਰ ਤੇ ਜੁੜੀਆਂ ਰਹਿੰਦੀਆਂ ਹਨ।

ਰਵਾਇਤੀ ਤੌਰ 'ਤੇ ਧੀਆਂ ਨੂੰ ਸਾਲ ਵਿੱਚ ਦੋ ਵਾਰ ਸੰਧਾਰਾ ਦਿੱਤਾ ਜਾਂਦਾ ਹੈ। ਇੱਕ ਸੰਧਾਰਾ ਸਾਉਣ ਦੇ ਮਹੀਨੇ, ਖ਼ਾਸ ਕਰਕੇ ਤੀਆਂ ਦੇ ਤਿਉਹਾਰ ਮੌਕੇ ਵਿਆਹੀਆਂ ਧੀਆਂ ਨੂੰ ਦਿੱਤਾ ਜਾਂਦਾ ਹੈ। ਜਦੋਂ ਧੀਆਂ ਤੀਆਂ ਮਨਾਉਣ ਲਈ ਆਪਣੇ ਪੇਕੇ ਆਉਂਦੀਆਂ ਹਨ ਅਤੇ ਵਾਪਸ ਸਹੁਰੇ ਘਰ ਜਾਂਦੀਆਂ ਹਨ, ਤਾਂ ਮਾਪੇ ਉਨ੍ਹਾਂ ਨੂੰ ਨਵੇਂ ਕੱਪੜੇ, ਚੂੜੀਆਂ, ਮਹਿੰਦੀ, ਮਿਠਾਈਆਂ, ਮੱਠੀਆਂ, ਬਿਸਕੁਟ, ਲੱਡੂ ਅਤੇ ਹੋਰ ਲੋੜੀਂਦਾ ਸਮਾਨ ਦੇ ਕੇ ਰੁਖ਼ਸਤ ਕਰਦੇ ਹਨ। ਕਈ ਪਰਿਵਾਰ ਆਪਣੀ ਸਮਰੱਥਾ ਅਨੁਸਾਰ ਗਹਿਣੇ ਜਾਂ ਹੋਰ ਕੀਮਤੀ ਤੋਹਫ਼ੇ ਵੀ ਦਿੰਦੇ ਹਨ। ਇਸ ਰਿਵਾਜ਼ ਬਾਰੇ ਲੋਕ ਬੋਲੀਆਂ ਵਿੱਚ ਵੀ ਕੁੜੀਆਂ ਦੀਆਂ ਭਾਵਨਾਵਾਂ ਦਾ ਜ਼ਿਕਰ ਆਉਂਦਾ ਹੈ:

ਸੰਧਾਰਾ ਆਇਆ, ਸੰਧਾਰਾ ਆਇਆ,
ਵੀਰ ਮੇਰਾ ਅੰਬਰੋਂ ਤਾਰਾ ਲਿਆਇਆ!
ਖਾਣ ਨੂੰ ਪਿੰਨੇ, ਪਹਿਨਣ ਨੂੰ ਚੀਰ,
ਮੈਂ ਵਾਰੀ ਜਾਵਾਂ ਆਪਣੇ ਵੀਰ!

ਦੂਜਾ ਸੰਧਾਰਾ ਲੋਹੜੀ ਦੇ ਤਿਉਹਾਰ ਤੇ ਦਿੱਤਾ ਜਾਂਦਾ ਹੈ ਜਿਸ ਵਿੱਚ ਗੁੜ ਅਤੇ ਤਿਲ਼ ਦੇ ਲੱਡੂ, ਚੌਲਾਂ ਦੀਆਂ ਪਿੰਨੀਆਂ, ਮੂੰਗਫਲੀ,ਰਿਓੜੀਆਂ ਅਤੇ ਭੁੱਗੇ ਦੀ ਮਠਿਆਈ ਆਦਿ ਖ਼ਾਸ ਤੌਰ ਤੇ ਮਾਪੇ ਜਾਂ ਭਰਾ ਆਪਣੀਆਂ ਧੀਆਂ ਨੂੰ ਸਹੁਰੇ ਘਰ ਦੇ ਕੇ ਆਉਂਦੇ ਹਨ। ਇਸ ਤਰ੍ਹਾਂ ਸੰਧਾਰੇ ਦੀ ਰਸਮ ਨੂੰ ,ਕੁੜੀਆਂ ਦਾ ਸਹੁਰੇ ਘਰ ਵਿੱਚ ਮਾਣ ਵਧਾਉਣ ਦਾ ਇੱਕ ਜ਼ਰੀਆ ਵੀ ਮੰਨਿਆ ਜਾਂਦਾ ਹੈ। ਸੰਧਾਰਾ ਧੀ ਨੂੰ ਇਹ ਅਹਿਸਾਸ ਕਰਵਾਉਂਦਾ ਹੈ ਕਿ ਵਿਆਹ ਤੋਂ ਬਾਅਦ ਵੀ ਉਸ ਦਾ ਪੇਕਾ ਘਰ ਉਸ ਲਈ ਪਹਿਲਾਂ ਵਾਂਗ ਹੀ ਉਸ ਦਾ ਪੂਰਾ ਮਾਣ ਕਰਦਾ ਹੈ। ਇਹ ਰਿਵਾਜ ਧੀ ਦੇ ਸਨਮਾਨ, ਉਸ ਦੀਆਂ ਭਾਵਨਾਵਾਂ ਅਤੇ ਪਰਿਵਾਰਕ ਸਾਂਝ ਨੂੰ ਮਜ਼ਬੂਤ ਕਰਦਾ ਹੈ। ਸੰਧਾਰਾ ਸਿਰਫ਼ ਸੌਗਾਤਾਂ ਦਾ ਲੈਣ-ਦੇਣ ਨਹੀਂ, ਸਗੋਂ ਮਾਪਿਆਂ ਦੀਆਂ ਅਸੀਸਾਂ ਅਤੇ ਭੈਣ ਭਰਾਵਾਂ ਦੇ ਪਿਆਰ ਦਾ ਪ੍ਰਤੀਕ ਹੈ।

ਸਮੇਂ ਦੇ ਨਾਲ ਨਾਲ ਇਸ ਰਿਵਾਜ਼ ਦਾ ਰੂਪ ਵੀ ਜ਼ਰੂਰ ਬਦਲਿਆ ਹੈ। ਪਹਿਲਾਂ ਸੰਧਾਰਾ ਹੱਥੀਂ ਬਣੀਆਂ ਮੱਠੀਆਂ, ਘਰ ਦੇ ਬਣਾਏ ਬਿਸਕੁਟ, ਸੂਟ ਅਤੇ ਰਵਾਇਤੀ ਚੀਜ਼ਾਂ ਦਾ ਹੁੰਦਾ ਸੀ, ਪਰ ਅੱਜ ਇਸ ਵਿੱਚ ਤਿਆਰ ਕੱਪੜੇ, ਮਠਿਆਈਆਂ, ਹੋਰ ਘਰੇਲੂ ਉਪ-ਕਰਨ ਜਿਸ ਦੀ ਲੜਕੀ ਨੂੰ ਜ਼ਰੂਰਤ ਹੋਵੇ ਜਾਂ ਨਕਦ ਰਕਮ ਜਾਂ ਹੋਰ ਆਧੁਨਿਕ ਤੋਹਫ਼ੇ ਆਦਿ ਵੀ ਸ਼ਾਮਲ ਹੋ ਗਏ ਹਨ। ਸੰਧਾਰੇ ਦੇ ਰੂਪ ਵਿੱਚ ਚਾਹੇ ਸਮੇਂ ਦੇ ਨਾਲ ਬਦਲਾਅ ਆ ਗਏ ਹਨ ਪਰ ਫਿਰ ਵੀ ਇਸ ਦੀ ਰੂਹ ਵਿੱਚ ਧੀ ਪ੍ਰਤੀ ਪਿਆਰ ਅਤੇ ਸਨੇਹ ਉਹੀ ਹੈ।

ਅੱਜ ਦੇ ਤੇਜ਼-ਰਫ਼ਤਾਰ ਜੀਵਨ ਵਿੱਚ ਭਾਵੇਂ ਕਈ ਪੁਰਾਣੀਆਂ ਰਸਮਾਂ ਮੱਧਮ ਪੈ ਰਹੀਆਂ ਹਨ, ਪਰ ਸੰਧਾਰਾ ਦੇਣ ਦੀ ਪਰੰਪਰਾ ਅਜੇ ਵੀ ਪੰਜਾਬੀ ਪਰਿਵਾਰਾਂ ਵਿੱਚ ਜਿਉਂ ਦੀ ਤਿਉਂ ਬਰਕਰਾਰ ਹੈ। ਇਹ ਰਿਵਾਜ ਸਾਨੂੰ ਯਾਦ ਦਿਵਾਉਂਦਾ ਹੈ ਕਿ ਧੀਆਂ ਵੀ ਘਰ ਦਾ ਮਾਣ ਹੁੰਦੀਆਂ ਹਨ ਅਤੇ ਉਨ੍ਹਾਂ ਨਾਲ ਪਿਆਰ ਅਤੇ ਸਤਿਕਾਰ ਦਾ ਰਿਸ਼ਤਾ ਹਮੇਸ਼ਾ ਕਾਇਮ ਰਹਿਣਾ ਚਾਹੀਦਾ ਹੈ। ਧੀਆਂ ਨੂੰ ਸੰਧਾਰਾ ਦੇਣ ਦਾ ਰਿਵਾਜ ਪੰਜਾਬ ਦੀ ਲੋਕ-ਸੱਭਿਆਚਾਰਕ ਵਿਰਾਸਤ ਦਾ ਇੱਕ ਅਨਮੋਲ ਹਿੱਸਾ ਹੈ। ਇਹ ਰਿਸ਼ਤਿਆਂ ਦੇ ਨਿੱਘ, ਪਰਿਵਾਰਿਕ ਏਕਤਾ ਅਤੇ ਧੀ ਪ੍ਰਤੀ ਅਟੁੱਟ ਮੋਹ ਦਾ ਪ੍ਰਤੀਕ ਹੈ। ਅਜਿਹੀਆਂ ਪਰੰਪਰਾਵਾਂ ਨੂੰ ਸੰਭਾਲਣਾ ਅਤੇ ਅਗਲੀ ਪੀੜ੍ਹੀ ਤੱਕ ਪਹੁੰਚਾਉਣਾ ਸਾਡੀ ਸਭ ਦੀ ਜ਼ਿੰਮੇਵਾਰੀ ਹੈ, ਕਿਉਂਕਿ ਇਹੋ ਜਿਹੇ ਪਰੰਪਰਿਕ ਰੀਤੀ ਰਿਵਾਜਾਂ ਵਿੱਚ ਹੀ ਪੰਜਾਬੀ ਸੱਭਿਆਚਾਰ ਦੀ ਅਸਲ ਰੂਹ ਵੱਸਦੀ ਹੈ।



**ਬਰਜਿੰਦਰ ਕੌਰ ਬਿਸਰਾਓ...**
9988901324

# ਚਾਨਣ ਰਾਮ ਸਾਂਪਲਾ ਚੈਰੀਟੇਬਲ ਹਸਪਤਾਲ (ਰਜਿ.) ਵੱਲੋਂ ਸਰਧਾਂਜਲੀ ਸਭਾ ਦਾ ਆਯੋਜਨ ਕੀਤਾ ਗਿਆ

**ਸਮਾਜ ਵੀਕਲੀ ਯੂ ਕੇ ਜਲੰਧਰ (ਹਰਭਜਨ ਸਾਂਪਲਾ 10/07/2026):** ਚਾਨਣ ਰਾਮ ਸਾਂਪਲਾ ਚੈਰੀਟੇਬਲ ਹਸਪਤਾਲ (ਰਜਿ.) ਰਹਿਮਾਨਪੁਰ ਜਲੰਧਰ ਪੰਜਾਬ ਵੱਲੋਂ ਸਰਧਾਂਜਲੀ ਸਭਾ ਦਾ ਆਯੋਜਨ ਕੀਤਾ ਗਿਆ ਅਤੇ ਮਰਹੂਮ ਸ੍ਰੀ ਚੰਨਣ ਰਾਮ ਸਾਂਪਲਾ ਨੂੰ ਉਹਨਾਂ ਦੀ ਬਰਸੀ ਮੌਕੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਸ੍ਰੀ ਮੁਲਖ ਰਾਜ, ਪਰਸ ਰਾਮ ਸਾਂਪਲਾ ਆਦਿ ਹਾਜ਼ਰ ਸਨ। ਜ਼ਿਕਰਯੋਗ ਹੈ ਕਿ ਸ਼੍ਰੀ ਭਗਤ ਰਾਮ ਸਾਂਪਲਾ ਅਤੇ ਉਨ੍ਹਾਂ ਦਾ ਪਰਿਵਾਰ ਆਪਣੇ ਪਿਤਾ ਸ਼੍ਰੀ ਚੰਨਣ ਰਾਮ ਸਾਂਪਲਾ ਦੀ ਯਾਦ ਵਿੱਚ ਪਿਛਲੇ 26 ਸਾਲਾਂ ਤੋਂ ਚੰਨਣ ਰਾਮ ਸਾਂਪਲਾ ਚੈਰੀਟੇਬਲ ਹਸਪਤਾਲ, ਰਹਿਮਾਨਪੁਰ ਜਲੰਧਰ ਨੂੰ ਬੜੀ ਸਫਲਤਾ ਨਾਲ ਚਲਾ ਰਿਹਾ ਹੈ। ਸਮੂਹ ਹਾਜ਼ਰੀਨ ਨੇ ਭਗਤ ਰਾਮ ਸਾਂਪਲਾ ਪਰਿਵਾਰ ਦਾ ਧੰਨਵਾਦ ਕੀਤਾ।



**ਪਰਸ਼ ਰਾਮ ਮੁਲਖ ਰਾਜ ਜਸਵਿੰਦਰ ਲਾਲ ਤਮਨਾ ਕੌਲ ਪਰਦੀਪ ਕੁਮਾਰ ਪਰਮਿੰਦਰ ਰਾਮ ਲਾਲ।**

# ਡਿਜ਼ਿਟਲ ਧੋਖਾਧੜੀ ਦਾ ਸਭ ਤੋਂ ਵੱਡਾ ਕਾਰਨ ਅਣਪੜ੍ਹਤਾ ਨਹੀਂ, ਜ਼ਿਆਦਾ ਭਰੋਸਾ ਹੈ

## (ਡਿਜ਼ਿਟਲ ਦੁਨੀਆ ਵਿੱਚ ਸਭ ਤੋਂ ਵੱਡੀ ਸੁਰੱਖਿਆ ਜਾਗਰੂਕਤਾ ਅਤੇ ਸਾਵਧਾਨੀ ਹੈ।)

ਅੱਜ ਦੇ ਸਮੇਂ ਵਿੱਚ ਡਿਜ਼ੀਟਲ ਧੋਖਾਧੜੀ ਦੇ ਮਾਮਲੇ ਲਗਾਤਾਰ ਵੱਧ ਰਹੇ ਹਨ। ਹਰ ਰੋਜ਼ ਕਿਸੇ ਨਾ ਕਿਸੇ ਨਾਲ ਬੈਂਕ, ਮੋਬਾਈਲ ਜਾਂ ਸੋਸ਼ਲ ਮੀਡੀਆ ਰਾਹੀਂ ਠੱਗੀ ਹੋਣ ਦੀ ਖ਼ਬਰ ਮਿਲਦੀ ਹੈ। ਅਜਿਹੇ ਮਾਮਲਿਆਂ ਵਿੱਚ ਅਕਸਰ ਇਹ ਮੰਨ ਲਿਆ ਜਾਂਦਾ ਹੈ ਕਿ ਸਿਰਫ਼ ਅਣਪੜ੍ਹ ਜਾਂ ਘੱਟ ਪੜ੍ਹੇ-ਲਿਖੇ ਲੋਕ ਹੀ ਠੱਗੀ ਦਾ ਸ਼ਿਕਾਰ ਹੁੰਦੇ ਹਨ। ਪਰ ਹਕੀਕਤ ਇਸ ਤੋਂ ਵੱਖਰੀ ਹੈ। ਡਿਜ਼ੀਟਲ ਧੋਖਾਧੜੀ ਦਾ ਸਭ ਤੋਂ ਵੱਡਾ ਕਾਰਨ ਅਣਪੜ੍ਹਤਾ ਨਹੀਂ, ਸਗੋਂ ਅਣਜਾਣ ਲੋਕਾਂ ਤੇ ਕੀਤਾ ਜਾਣ ਵਾਲਾ ਲੋੜ ਤੋਂ ਵੱਧ ਭਰੋਸਾ ਹੈ।

ਅੱਜ ਠੱਗ ਪਹਿਲਾਂ ਵਾਂਗ ਸੜਕਾਂ ਉੱਤੇ ਨਹੀਂ ਮਿਲਦੇ ਅਤੇ ਨਾ ਹੀ ਸਾਰੇ ਠੱਗ ਘਰ ਵਿੱਚ ਆ ਕੇ ਲੋਕਾਂ ਨਾਲ ਠੱਗੀ ਮਾਰਦੇ ਹਨ ਜਾਂ ਘਰੋਂ ਸਮਾਨ ਚੋਰੀ ਕਰਦੇ ਹਨ। ਅੱਜ ਕੱਲ ਠੱਗ ਵੀ ਸਮਾਰਟ ਹੋ ਗਏ ਹਨ। ਉਹ ਮੋਬਾਈਲ ਫ਼ੋਨ, ਵਟਸਐਪ, ਈ-ਮੇਲ ਅਤੇ ਸੋਸ਼ਲ ਮੀਡੀਆ ਰਾਹੀਂ ਸਾਡੇ ਘਰਾਂ ਤੱਕ ਪਹੁੰਚ ਜਾਂਦੇ ਹਨ। ਉਹ ਆਪਣੇ ਆਪ ਨੂੰ ਬੈਂਕ ਅਧਿਕਾਰੀ, ਪੁਲਿਸ ਮੁਲ-ਾਜ਼ਮ, ਸਰਕਾਰੀ ਕਰਮਚਾਰੀ ਜਾਂ ਕਿਸੇ ਮਸ਼ਹੂਰ ਕੰਪਨੀ ਦਾ ਕਰਮਚਾਰੀ ਦੱਸ ਕੇ ਲੋਕਾਂ ਦਾ ਭਰੋਸਾ ਜਿੱਤ ਲੈਂਦੇ ਹਨ। ਜਦੋਂ ਭਰੋਸਾ ਬਣ ਜਾਂਦਾ ਹੈ ਤਾਂ ਠੱਗੀ ਕਰਨਾ ਉਨ੍ਹਾਂ ਲਈ ਆਸਾਨ ਹੋ ਜਾਂਦਾ ਹੈ।

ਚਿੰਤਾ ਦੀ ਗੱਲ ਇਹ ਹੈ ਕਿ ਇਨ੍ਹਾਂ ਠੱਗੀਆਂ ਦਾ ਸ਼ਿਕਾਰ ਸਿਰਫ਼ ਘੱਟ ਪੜ੍ਹੇ-ਲਿਖੇ ਲੋਕ ਨਹੀਂ, ਸਗੋਂ ਡਾਕਟਰ, ਅਧਿਆਪਕ, ਸਰਕਾਰੀ ਅਧਿਕਾਰੀ ਅਤੇ ਵਪਾਰੀ ਵੀ ਬਣ ਰਹੇ ਹਨ। ਡਿਜ਼ੀਟਲ ਦੁਨੀਆ ਵਿੱਚ ਸਭ ਤੋਂ ਵੱਡੀ ਸੁਰੱਖਿਆ ਜਾਗਰੂਕਤਾ ਅਤੇ ਸਾਵਧਾਨੀ ਹੈ।

ਅਸੀਂ ਅਕਸਰ ਕਿਸੇ ਅਣਜਾਣ ਨੰਬਰ ਤੋਂ ਆਈ ਕਾਲ ਤੇ ਭਰੋਸਾ ਕਰ ਲੈਂਦੇ ਹਾਂ। ਕਿਸੇ ਲਿੰਕ ਤੇ ਬਿਨਾਂ ਸੋਚੇ ਸਮਝੇ ਕਲਿੱਕ ਕਰ ਦਿੰਦੇ ਹਾਂ ਜਾਂ ਆਪਣੇ ਬੈਂਕ ਨਾਲ ਜੁੜੀ ਜਾਣਕਾਰੀ ਸਾਂਝੀ ਕਰ ਦਿੰਦੇ ਹਾਂ। ਇਹੀ ਛੋਟੀ ਜਿਹੀ ਲਾਪਰਵਾਹੀ ਵੱਡੇ ਆਰਥਿਕ ਨੁਕਸਾਨ ਦਾ ਕਾਰਨ ਬਣ ਜਾਂਦੀ ਹੈ।

ਡਿਜ਼ੀਟਲ ਯੁੱਗ ਵਿੱਚ ਭਰੋਸਾ ਕਰਨਾ ਗਲਤ ਨਹੀਂ, ਪਰ ਹਰ ਜਾਣਕਾਰੀ ਦੀ ਜਾਂਚ ਕੀਤੇ ਬਿਨਾਂ ਭਰੋਸਾ ਕਰਨਾ ਖ਼ਤਰਨਾਕ ਹੈ। ਕੋਈ ਵੀ ਬੈਂਕ ਜਾਂ ਸਰਕਾਰੀ ਸੰਸਥਾ ਕਦੇ ਵੀ ਫ਼ੋਨ ਕਰਕੇ ਓ.ਟੀ.ਪੀ., ਏ.ਟੀ.ਐਮ. ਪਿੰਨ ਜਾਂ ਪਾਸਵਰਡ ਨਹੀਂ ਮੰਗਦੀ। ਜੇ ਕੋਈ ਅਜਿਹਾ ਕਰਦਾ ਹੈ ਤਾਂ ਸਮਝਣਾ ਚਾਹੀਦਾ ਹੈ ਕਿ ਉਹ ਠੱਗ ਹੈ।

ਸਰਕਾਰ ਅਤੇ ਬੈਂਕਾਂ ਵੱਲੋਂ ਲਗਾਤਾਰ ਜਾਗਰੂਕਤਾ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ, ਪਰ ਇਹ ਸਭ ਤਾਂ ਹੀ ਸੰਭਵ ਹੈ ਜਦੋਂ ਹਰ ਨਾਗਰਿਕ ਖ਼ੁਦ ਵੀ ਸਾਵਧਾਨ ਰਹੇ। ਡਿਜ਼ੀਟਲ ਸੁਰੱਖਿਆ ਹੁਣ ਸਿਰਫ਼ ਤਕਨੀਕੀ ਵਿਸ਼ਾ ਨਹੀਂ ਰਹੀ, ਸਗੋਂ ਹਰ ਪਰਿਵਾਰ ਦੀ ਲੋੜ ਬਣ ਚੁੱਕੀ ਹੈ।

ਸਮਾਂ ਆ ਗਿਆ ਹੈ ਕਿ ਅਸੀਂ ਡਿਜ਼ੀਟਲ ਦੁਨੀਆ ਵਿੱਚ ਅੱਖਾਂ ਬੰਦ ਕਰਕੇ ਭਰੋਸਾ ਕਰਨ ਦੀ ਥਾਂ ਸੋਚ-ਸਮਝ ਕੇ ਫ਼ੈਸਲੇ ਲੈਣਾ ਸਿੱਖੀਏ। ਕਿਉਂਕਿ ਅੱਜ ਦੇ ਸਮੇਂ ਵਿੱਚ ਠੱਗੀ ਤੋਂ ਬਚਣ ਦਾ ਸਭ ਤੋਂ ਵੱਡਾ ਹਥਿਆਰ ਸਿਰਫ਼ ਪੜ੍ਹਾਈ ਨਹੀਂ, ਸਗੋਂ ਸਾਵਧਾਨੀ ਅਤੇ ਸਹੀ ਜਾਣਕਾਰੀ ਹੈ।



**ਪਵਨ ਕੁਮਾਰ ਅੱਤਰੀ**
**ਕਪੂਰਥਲਾ**
**ਮੋਬਾ 8427791277**

# ਪੰਜਾਬ ਦੀ ਪੇਚੀਦਾ ਸਥਿਤੀ ਅਤੇ ਚੁਣੌਤੀਆਂ : ਫਿਕਰਮੰਦੀ ਤੇ ਚਿੰਤਨ

ਡਾ. ਮੇਹਰ ਮਾਣਕ ਉਹ ਕਾਰਜਸ਼ੀਲ ਲੇਖਕ ਹੈ ਜਿਨ੍ਹਾਂ ਦੀਆਂ ਲਿਖਤਾਂ ਅਖਬਾਰਾਂ, ਮੈਗਜ਼ੀਨ ਅਤੇ ਖ਼ੋਜ ਪੇਪਰਾਂ ਵਿਚ ਲਗਾਤਾਰ ਛਪਦੀਆਂ ਰਹਿੰਦੀਆਂ ਹਨ। ਉਹ ਜਿੱਥੇ ਸਾਹਿਤਕ ਰੁਝਾਨਾਂ, ਸਾਹਿਤ ਦੀਆਂ ਵੱਖੋ ਵੱਖਰੀਆਂ ਵਿਧਾਵਾਂ ਬਾਰੇ ਆਪਣੀ ਲੋਕ ਪੱਖੀ ਦ੍ਰਿਸ਼ਟੀ ਰਾਹੀ ਮੁਲਾਂਕਣ ਕਰਦੇ ਹਨ ਉੱਥੇ ਸੱਤਾ, ਸਮਾਜ, ਸਿਆਸਤ ਦੀਆਂ ਬਹੁ ਪਰਤਾਂ ਦਾ ਚਿਤਰਣ ਵੀ ਆਪਣੀ ਲੇਖਣੀ ਵਿੱਚ ਕਰਦੇ ਹੋਏ ਸੰਵਾਦ ਛੇੜਦੇ ਹਨ।ਉਨਾਂ ਦੀਆਂ ਲਿਖਤਾਂ ਵਿੱਚ ਸਮਾਜਿਕ, ਆਰਥਿਕ, ਸਭਿਆਚਾਰਕ ਅਤੇ ਰਾਜਨੀਤਕ ਮੁੱਦਿਆਂ ਦੀ ਗੱਲ ਅਕਸਰ ਕੀਤੀ ਜਾਂਦੀ ਹੈ।ਜਿਸ ਵਿੱਚ ਇਸ ਵਿਕਰਾਲ ਵਰਤਾਰੇ ਪ੍ਰਤੀ ਚਿੰਤਾਵਾਂ ਤੇ ਫਿਕਰਮੰਦੀ ਦੇ ਅਨੇਕਾਂ ਅੰਸ਼ ਪਾਠਕ ਨੂੰ ਸੋਚਣ ਲਈ ਮਜ਼ਬੂਰ ਕਰਦੇ ਹਨ। ਡਾ.ਮਾਣਕ ਦੇ ਲਿਖੇ ਹੋਏ ਚਾਰ ਕਾਵਿ ਸੰਗ੍ਰਹਿ ਤੇ ਇਕ ਗੀਤ ਸੰਗ੍ਰਹਿ ਵੀ ਕਿਸੇ ਖਾਸ ਮਕਸਦ ਨੂੰ ਕੇਂਦਰ ਬਣਾ ਕੇ ਪਾਠਕਾਂ ਦੇ ਸਾਹਮਣੇ ਆਏ ਹਨ । ਇਹ ਇਨ੍ਹਾਂ ਦਾ ਇੱਕ ਵਿਲੱਖਣ ਢੰਗ ਹੈ ਕਿ ਉਹ ਕਵਿਤਾ ਵਿੱਚ ਵੀ ਵਿਸ਼ਲੇਸ਼ਣ ਕਰਦੇ ਹੋਏ ਇੱਕ ਸੰਵਾਦ ਰਚਾਉਂਦੇ ਹਨ। ਇਸੇ ਤਰ੍ਹਾਂ ਪੰਜਾਬ ਦੀ ਲੋਕਾਈ ਨਾਲ ਸੰਵਾਦ ਰਚਾਉਂਦੀ ਹੋਈ ਉਹਨਾਂ ਦੀ ਨਵੀਂ ਪੁਸਤਕ

"ਪੰਜਾਬ ਪੇਚੀਦਾ ਸਥਿਤੀ ਤੇ ਚੁਣੌਤੀਆਂ" ਸਾਡੇ ਸਾਹਮਣੇ ਆਉਂਦੀ ਹੈ । ਇਸ ਪੁਸਤਕ ਦਾ ਟਾਈਟਲ ਹੀ ਆਪਣੇ ਆਪ ਵਿੱਚ ਪੁਸਤਕ ਅੰਦਰਲੀ ਵਸਤੂ ਬਾਰੇ ਸੰਕੇਤ ਕਰ ਜਾਂਦਾ ਹੈ।ਇਹ ਪੁਸਤਕ ਇੱਕ ਸਾਰਥਕ ਰਚਨਾ ਹੈ ਜੋ ਅੱਜ ਦੇ ਪੰਜਾਬ ਨੂੰ ਗੰਭੀਰਤਾ ਨਾਲ ਵਾਚਦੀ ਇਸ ਅੰਦਰਲੇ ਤੇ ਬਾਹਰਲੇ ਸੰਕਟ ਨੂੰ ਪਹਿਚਾਣਦੀ ਹੈ। ਅੱਜ ਪੰਜਾਬ ਕਿੰਨਾਂ ਚੁਣੌਤੀਆਂ ਵਿੱਚੋਂ ਲੰਘ ਰਿਹਾ ਹੈ, ਇਸ ਦੇ ਕਿਹੜੇ ਕਿਹੜੇ ਗੰਭੀਰ ਮਸਲੇ ਹਨ ਜਿਨ੍ਹਾਂ ਬਾਰੇ ਸੁਚੇਤ ਹੋਣਾ ਬਹੁਤ ਜਰੂਰੀ ਹੈ, ਇਹਨਾਂ ਬਹੁਤ ਸਾਰੇ ਮਸਲਿਆਂ ਨੂੰ ਨਾਲ ਲੈ ਕੇ ਤੁਰਦੀ ਇਹ ਪੁਸਤਕ ਪਾਠਕਾਂ ਨੂੰ ਹਲੂਣਦੀ ਹੈ।

ਪੰਜ ਭਾਗਾਂ ਅਤੇ 18 ਉਪਭਾਗਾਂ ਵਿੱਚ ਵੰਡੀ ਇਹ ਕਿਤਾਬ ਪੰਜਾਬ ਦੀ ਸਥਿਤੀ ਦਾ ਦਸਤਾਵੇਜ਼ ਬਣਦੀ ਹੈ। ਇਹ ਪੰਜਾਬ ਦੇ ਮੁੱਖ ਮੁੱਦਿਆਂ ਦਾ ਮੁਲਾਂਕਣ ਕਰਦੀ ਇਤਿਹਾਸ, ਆਰਥਿਕਤਾ, ਰਾਜਨੀਤੀ ਅਤੇ ਸਮਾਜ ਦੇ ਦ੍ਰਿਸ਼ਟੀਕੋਣ ਤੋਂ ਉਨ੍ਹਾਂ ਦਾ ਵਿਸ਼ਲੇਸ਼ਣ ਕਰਦੀ ਹੈ। ਇਹ ਕਿਤਾਬ ਪੰਜਾਬ ਦੇ ਰਾਜਨੀਤਿਕ-ਆਰਥਿਕ ਅਤੇ ਸਮਾਜਿਕ-ਸੱਭਿਆਚਾਰਕ ਦੇ ਉਤਰਾਅ-ਚੜ੍ਹਾਅ ਨੂੰ ਦਰਸਾਉਂਦੀ ਹੈ। ਪੰਜਾਬ ਦੀਆਂ ਪਦਾਰਥਿਕ ਹਾਲਤਾਂ ਨੂੰ ਵਾਚਦੀ ਹੋਈ ਇਹ ਪੁਸਤਕ ਪੰਜਾਬ ਦੇ ਅਰਥਚਾਰੇ ਨੂੰ ਆਪਣੇ ਕੈਨਵਸ ਵਿੱਚ ਲੈ ਕੇ ਆਉਂਦੀ ਹੈ।ਇਸ ਪੁਸਤਕ ਦੇ ਭਾਗ ਪਹਿਲੇ ਵਿੱਚ ਮੇਹਰ ਮਾਣਕ ਨੇ ਪੰਜਾਬ ਦੇ ਪੇਂਡੂ ਜੀਵਨ, ਅਰਥਚਾਰੇ ਅਤੇ ਸਮਾਜਿਕ ਸਥਿਤੀ ਦਾ ਡੂੰਘਾ ਵਿਸ਼ਲੇਸ਼ਣ ਕੀਤਾ ਹੈ। ਹਰੇ ਇਨ-ਕਲਾਬ ਦੇ ਸਾਮਰਾਜੀ ਖੇਤੀਬਾੜੀ ਮਾਡਲ ਨੇ ਉਤਪਾਦ ਦੇ ਵਾਧੇ ਨਾਲ ਜੋ ਅਲਾਮਤਾਂ ਪੰਜਾਬ ਲਈ ਪੈਦਾ ਕੀਤੀਆਂ ਉਹ ਅੱਜ ਪੰਜਾਬ ਅੰਦਰਲਾ ਖੇਤੀ ਸੰਕਟ ਇਸ ਦੀ ਮੂੰਹ ਬੋਲਦੀ ਤਸਵੀਰ ਹੈ। ਥੋੜੇ ਚਿਰੀ ਖੁਸ਼ਹਾਲੀ ਨੇ ਮੰਦਹਾਲੀ ਦਾ ਰੂਪ ਧਾਰਨ ਕਰ ਪੇਂਡੂ ਅਰਥਚਾਰੇ ਨੂੰ ਸੰਕਟ ਵਿੱਚ ਧੱਕ ਦਿੱਤਾ।ਇਸ ਬਾਰੇ ਤੱਥਾਂ ਸਮੇਤ ਪੁਸਤਕ ਦੱਸਦੀ ਹੈ ਕਿਵੇਂ ਖੇਤੀ ਦੀ ਲਾਗਤ ਵਿੱਚ ਵਾਧਾ, ਫਸਲਾਂ ਦੇ ਘੱਟ ਭਾਅ, ਕਿਸਾਨਾਂ 'ਤੇ ਵਧਦਾ ਕਰਜ਼ਾ, ਭੂਮੀ ਹੇਠਲੇ ਪਾਣੀ ਦਾ ਘਟਦਾ ਪੱਧਰ ਅਤੇ ਮਿੱਟੀ ਦੀ ਉਪਜਾਊ ਸ਼ਕਤੀ ਵਿੱਚ ਕਮੀ ਦੇ ਨਾਲ ਖੇਤੀ ਘਾਟੇ ਦਾ ਧੰਦਾ ਕਿਵੇਂ ਬਣੀ ਜਿਸ ਨੇ ਰੁਜ਼ਗਾਰ ਦੇ ਮੌਕਿਆਂ ਦੀ ਘਾਟ ਵੀ ਵੱਡੀ ਸਮੱਸਿਆ ਪੈਦਾ ਕੀਤੀ।ਇਸ ਵੱਡੀ ਬੇਚੈਨੀ ਨੇ ਨਸ਼ਾਖੋਰੀ, ਬੇਰੁਜ਼ਗਾਰੀ, ਵਿਦੇਸ਼ਾਂ ਵੱਲ ਪਰਵਾਸ, ਦਿਖਾਵੇ ਦੀ ਪ੍ਰਵਿਰਤੀ ਆਦਿ ਨੇ ਪੇਂਡੂ ਜੀਵਨ ਨੂੰ ਪ੍ਰਭਾਵਿਤ ਕੀਤਾ ਹੈ।

ਲੇਖਕ ਇਹ ਵੀ ਦੱਸਦਾ ਕਿ ਪੰਜਾਬ ਦੀਆਂ ਗੁੰਝਲਦਾਰ ਸਮੱਸਿਆਵਾਂ ਦੇ ਕਾਰਨ ਇਹ ਆਰਥਿਕ, ਸਮਾਜਿਕ, ਵਾਤਾਵਰਣਕ ਅਤੇ ਪ੍ਰਸ਼ਾਸਨਿਕ ਕਾਰਨਾਂ ਵੀ ਹਨ। ਲੇਖਕ ਨੂੰ ਕਾਰਪੋਰੇਟ ਦੀ ਆਰਥਿਕ ਸਮਾਜਿਕ ਤੇ ਕੁਦਰਤੀ ਸ੍ਰੋਤਾਂ ਦੀ ਅੰਨੀ ਲੁੱਟ ਤੰਗ ਕਰਦੀ ਹੈ। ਇਸ ਲਈ ਪੁਸਤਕ ਦੇ ਵਿੱਚ ਇਸ ਗੱਲ ਨੂੰ ਵੀ ਉਭਾਰਿਆ ਗਿਆ ਹੈ ਜਦੋਂ ਪੰਜਾਬੀ ਵਸੋ ਅੰਦਰ ਨਿਰਾਸ਼ਾ ਤੇ ਬੇਗਾਨਗੀ ਦਾ ਆਲਮ ਪੈਦਾ ਹੁੰਦਾ ਹੈ , ਉਹਨਾਂ ਦੀ ਕਿਤੇ ਵੀ ਸੁਣਵਾਈ ਨਹੀਂ ਹੁੰਦੀ ਤਾਂ ਨਾਬਰੀ ਦੀ ਸੁਰ ਉਭਰਨੀ ਲਾਜ਼ਮੀ ਹੈ ਇਸੇ ਲਈ




ਦਰਪੇਸ਼ ਮਸਲਿਆਂ ਨੂੰ ਨਜਿੱਠਣ ਲਈ ਪੰਜਾਬ ਵਿੱਚੋਂ ਉੱਠਦੇ ਲੋਕ ਅੰਦੋਲਨ ਇਸ ਦਾ ਸੰਕੇਤ ਹਨ। ਭਾਗ ਦੂਜੇ ਵਿੱਚ ਡਾ.ਮਾਣਕ ਨੇ ਕੇਂਦਰ ਸਰਕਾਰ ਦੀਆਂ ਵੱਖ-ਵੱਖ ਨੀਤੀਆਂ ਅਤੇ ਉਨ੍ਹਾਂ ਦੇ ਪੰਜਾਬ ਦੀ ਖੇਤੀ, ਪੇਂਡੂ ਅਰਥਚਾਰੇ ਅਤੇ ਸਮਾਜ 'ਤੇ ਪੈਣ ਵਾਲੇ ਪ੍ਰਭਾਵਾਂ ਦਾ ਵਿਸ਼ਲੇਸ਼ਣ ਕੀਤਾ ਹੈ।ਨਵੇਂ ਬਿਜਲੀ ਸੋਧ ਬਿੱਲ ਬਾਰੇ ਲੇਖਕ ਦਾ ਮੰਨਣਾ ਹੈ ਬਿਜਲੀ ਖੇਤਰ ਦਾ ਨਿੱਜੀਕਰਨ ,ਬਿਜਲੀ ਦਰਾਂ ਨੂੰ ਮਹਿੰਗਾ ਕਰ ਜਿੱਥੇ ਖੇਤੀ ਲਾਗਤ ਨੂੰ ਵਾਧਾ ਹੋਵੇਗਾ ਉਥੇ ਆਮ ਲੋਕਾਂ ਉੱਪਰ ਵੀ ਬੋਝ ਬਣੇਗਾ । ਇਸ ਦਾ ਸਿੱਧਾ ਪੰਜਾਬ ਦੇ ਅਰਥਚਾਰੇ 'ਤੇ ਪੈਣਾ ਪੰਜਾਬ ਦੇ ਸੰਕਟ ਨੂੰ ਸੰਕਟ ਨੂੰ ਗਹਿਰਾ ਕਰਨਾ ਹੈ। ਬਿਜਲੀ ਐਕਟ ਕਿਵੇਂ ਹੋਂਦ ਵਿੱਚ ਆਇਆ ਤੇ ਅੱਜ ਇਸ ਦੇ ਵਿੱਚ ਨਵੀਆਂ ਸੋਧਾਂ ਕਰਕੇ ਕਾਰਪੋਰੇਟ ਦੇ ਹੱਥਾਂ ਦੇ ਵਿੱਚ ਇਸ ਵਿਭਾਗ ਨੂੰ ਥੋਪਣਾ ਇਸ ਪਿਛਲੀਆਂ ਸਾਜ਼ਿਸ਼ਾਂ ਦਾ ਪਰਦਾਫ਼ਾਸ਼ ਕਰਦੀ ਇਹ ਪੁਸਤਕ ਸਰਕਾਰ ਦੀ ਲੋਕ ਵਿਰੋਧੀ ਨੀਤੀਆਂ ਦਾ ਮੁਕਾਬਲਾ ਕਰਨ ਲਈ ਪ੍ਰੇਰਿਤ ਕਰਦੀ ਹੈ। ਸਰਕਾਰ ਦੀ ਮਾਰੂ ਨੀਤੀ ਨੇ ਸਿਹਤ ਸੇਵਾਵਾਂ ਵਿੱਚ ਗਿਰਾਵਟ , ਵਾਤਾਵਰਨ ਦੀ ਖਰਾਬੀ ,ਆਰਥਿਕ ਨਿਘਾਰ,ਲੋਕਾਂ ਅੰਦਰ ਅੰਦਰਲੀ ਬੇਬਸੀ ਡਿਪਰੈਸ਼ਨ ਤੇ ਹੋਰ ਗੰਭੀਰ ਅਲਾਮਤਾਂ ਪੈਦਾ ਕੀਤੀਆਂ ਹਨ। ਇਸ ਬਾਰੇ ਪੁਸਤਕ ਦੇ ਵਿੱਚ ਲੇਖਕ ਜਿੱਥੇ ਸਮੱਸਿਆ ਬਾਰੇ ਦੱਸਦਾ ਉੱਥੇ ਸਮੱਸਿਆ ਬਾਰੇ ਆਪਣਾ ਹੱਲ ਵੀ ਖੋਲ੍ਹ ਕੇ ਲਿਖਦਾ ਹੈ। ਇਸ ਦੇ ਕਈ ਹਵਾਲੇ ਲੇਖਕ ਨੇ ਦਿੱਤੇ ਹਨ ਜਿਵੇਂ ਖੇਤੀਬਾੜੀ ਦਾ ਮਸਲਾ ਉਹ ਸੂਬੇ ਦਾ ਮਸਲਾ ਹੁੰਦਾ ਹੈ ਪਰ ਜੇ ਕੇਂਦਰ ਸਰਕਾਰ ਇਸ ਦੇ ਵਿੱਚ ਦਖ਼ਲਅੰਦਾਜ਼ੀ ਕਰਕੇ ਕਿਸਾਨਾਂ ਦੀਆਂ ਜਮੀਨਾਂ ਹਥਿਆਉਣ ਦੀ ਗੱਲ ਕਰੇਗੀ ਤਾਂ ਉਹ ਭਾਰਤੀ ਫੈਡਰਲ ਢਾਂਚੇ ਨੂੰ ਕਮਜ਼ੋਰ ਕਰਨ ਦਾ ਹਰ ਹੀਲਾ ਵਰਤ ਰਹੀ ਹੈ ਇਸ ਦੇ ਲਈ ਲੋਕਾਂ ਦੇ ਵਿੱਚ ਵਿਰੋਧ ਖੜ੍ਹਾ ਹੋਵ-ੇਗਾ ਜੋ ਹੋ ਵੀ ਰਿਹਾ ਹੈ। ਇਸੇ ਤਰ੍ਹਾਂ ਅਮਰੀਕਾ ਨਾਲ ਕੀਤੇ ਜਾ ਰਹੇ ਵੱਖ ਵੱਖ ਸਮਝੌਤੇ ਤੇ ਸੰਧੀਆਂ ਅਸਲ ਵਿੱਚ ਸਾਮਰਾਜੀਆਂ ਦੇ ਮੁਨਾਫ਼ੇ ਨੂੰ ਕੇਂਦਰ ਵਿੱਚ ਰੱਖ ਕੇ ਲਏ ਜਾ ਰਹੇ ਸਰਕਾਰ ਦੇ ਫੈਸਲਿਆਂ ਦੀ ਵਿਰੋਧਤਾ ਕਰਨੀ ਪੈਂਦੀ ਹੈ ।ਇਸ ਪੁਸਤਕ ਵਿਚ ਵੱਖ ਵੱਖ ਸਮਝੌਤਿਆਂ ਨੂੰ ਮਾਰੂ ਦੱਸਦਿਆਂ ਇਹ ਸੁਝਾਅ ਦਿੱਤਾ ਗਿਆ ਹੈ ਕਿ ਭਾਰਤੀ ਅਰਥਚਾਰੇ ਤੇ ਭਾਈਚਾਰੇ ਦੀ ਰੀੜ੍ਹ ਦੀ ਹੱਡੀ ਨੂੰ ਸਾਮਰਾਜੀ ਹਮਲੇ ਤੋਂ ਬਚਾਉਣ ਲਈ ਸਾਰੀਆਂ ਸਿਆਸੀ ਤੇ ਸਮਾਜਿਕ ਧਿਰਾਂ ਨੂੰ ਇਕੱਠੇ ਤੁਰਨ ਦੀ ਜਰੂਰਤ ਹੈ। ਡਾ. ਮੇਹਰ ਮਾਣਕ ਦਾ ਮੰਨਣਾ ਹੈ ਕਿ ਵਿਕਾਸ ਸੰਬੰਧੀ ਹਰ ਨੀਤੀ ਦਾ ਕੇਂਦਰ ਕਿਸਾਨ, ਪੇਂਡੂ ਸਮਾਜ ਅਤੇ ਲੋਕ-ਹਿੱਤ ਹੋਣਾ ਚਾਹੀਦਾ ਹੈ। ਜਦੋਂ ਨੀਤੀਆਂ ਲੋਕਾਂ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖ ਕੇ ਬਣਨਗੀਆਂ, ਤਦ ਹੀ ਪੰਜਾਬ ਦਾ ਅਰਥਚਾਰਾ ਅਤੇ ਸਮਾਜ ਮਜ਼ਬੂਤ ਹੋ ਸਕੇਗਾ।

ਭਾਗ ਤੀਜੇ ਵਿੱਚ ਲੇਖਕ ਵੱਲੋਂ ਖੇਤੀ ਨੀਤੀ, ਖੇਤੀ ਮੰਡੀ ਪ੍ਰਣਾਲੀ ਅਤੇ ਭਾਰਤ ਦੇ ਕਿਸਾਨ ਅੰਦੋਲਨਾਂ ਦਾ ਵਿਸ਼ਲੇਸ਼ਣ ਕੀਤਾ ਹੈ।ਲੇਖਕ ਦਾ ਮੰਨਣਾ ਹੈ ਕਿ ਪੰਜਾਬ ਨੂੰ ਖੇਤੀ ਸੁਧਾਰਾਂ ਦੀ ਲੋੜ ਹੈ ਜੋ ਕਿਸਾਨਾਂ ਨੂੰ ਆਰਥਿਕ ਸੁਰੱਖਿਆ ਦੇਣ। ਫਸਲਾਂ ਵਿੱਚ ਵਿਭਿੰਨਤਾ, ਪਾਣੀ ਦੀ ਸੰਭਾਲ, ਕੁਦਰਤੀ ਸਰੋਤਾਂ ਦੀ ਰੱਖਿਆ ਅਤੇ ਟਿਕਾਊ ਖੇਤੀ ਨੂੰ ਉਤਸ਼ਾਹਿਤ ਕਰਨਾ ਸਮੇਂ ਦੀ ਲੋੜ ਹੈ। ਮੰਡੀ ਪ੍ਰਣਾਲੀ ਅਤੇ ਖੇਤੀ ਮੰਡੀਆਂ ਕਿਸਾਨਾਂ ਨੂੰ ਆਪਣੀ ਉਪਜ ਵੇਚਣ ਲਈ ਇੱਕ ਮਹੱਤਵਪੂਰਨ ਮੰਚ ਦਿੰਦੀਆਂ ਹਨ। ਜੇ ਮੰਡੀ ਪ੍ਰਣਾਲੀ ਕਮਜ਼ੋਰ ਹੁੰਦੀ ਹੈ ਤਾਂ ਛੋਟੇ ਅਤੇ ਦਰਮਿਆਨੇ ਕਿਸਾਨਾਂ ਨੂੰ ਨੁਕ-ਸਾਨ ਹੋ ਸਕਦਾ ਹੈ। ਇਸ ਲਈ ਮੰਡੀਆਂ ਨੂੰ ਹੋਰ ਪਾਰਦਰਸ਼ੀ, ਮਜ਼ਬੂਤ ਅਤੇ ਕਿਸਾਨ-ਪੱਖੀ ਬਣਾਉਣ ਦੀ ਲੋੜ ਹੈ।

ਭਾਰਤ ਦੇ ਕਿਸਾਨ ਅੰਦੋਲਨਾਂ ਦਾ ਜ਼ਿਕਰ ਕਰਦਿਆਂ ਲੇਖਕ ਦੱਸਦਾ ਹਨ ਕਿ ਕਿਸਾਨਾਂ ਨੇ ਸਮੇਂ-ਸਮੇਂ 'ਤੇ ਆਪਣੀਆਂ ਮੰਗਾਂ ਅਤੇ ਹੱਕਾਂ ਲਈ ਸੰਘਰਸ਼ ਕੀਤਾ ਹੈ। ਇਹ ਅੰਦੋਲਨ ਘੱਟੋ-ਘੱਟ ਸਮਰਥਨ ਮੁੱਲ (ਸ਼ਫ), ਕਰਜ਼ਾ ਮੁਕਤੀ, ਖੇਤੀ ਨੀਤੀਆਂ ਅਤੇ ਕਿਸਾਨਾਂ ਦੇ ਹੱਕਾਂ ਨਾਲ ਜੁੜੇ ਮੁੱਦਿਆਂ 'ਤੇ ਕੇਂਦਰਿਤ ਰਹੇ ਹਨ।ਲੇਖਕ ਨੇ ਇਸ ਗੱਲ ਵੱਲ ਵੀ ਧਿਆਨ ਦਿਵਾਇਆ ਹੈ ਕਿ ਸਿਆਸੀ ਪਾਰਟੀ ਤੇ ਸਰਕਾਰ ਪੇਂਡੂ ਅਰਥਚਾਰੇ ਦੇ ਪੇਚੀਦਾ ਸੰਕਟ ਨੂੰ ਹੱਲ ਕਰਨ ਲਈ ਰਤਾ ਵੀ ਸੰਜੀਦਾ ਨਹੀਂ ਜਾਪਦੀ। ਇਸ ਭਾਗ ਦੇ ਵਿੱਚ ਉਹਨਾਂ ਨੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੁਆਰਾ ਕੀਤੇ ਗਏ ਪਿਛਲੀ ਇੱਕ ਸਦੀ ਤੋਂ ਵੱਧ ਦੇ ਸਮੇਂ ਦੇ ਅੰਦੋਲਨਾਂ ਦੇ ਇਤਿਹਾਸ ਦੇ ਨਾਲ ਨਾਲ ਸਮਕਾਲੀ ਲੋਕ ਘੋਲਾਂ ਨੂੰ ਵੀ ਸਾਹਮਣੇ ਰੱਖਿਆ ਹੈ।ਨਵੇਂ ਇਤਿਹਾਸਿਕ ਕਿਸਾਨ ਅੰਦੋਲਨ ਵਿੱਚ ਕਿਸਾਨ ਜਥੇਬੰਦੀਆਂ ਦੇ ਰੋਲ ਨੂੰ ਵੀ ਬਖ਼ੂਬੀ ਦੇ ਨਾਲ ਬਿਆਨ ਕੀਤਾ ਤੇ ਲੋਕ ਘੋਲਾਂ ਦੀ ਅਹਿਮੀਅਤ ਵੀ ਇਸ ਪੁਸਤਕ ਵਿੱਚ ਝਲਕਦੀ ਹੈ।

ਭਾਗ ਚੌਥੇ ਵਿੱਚ ਡਾ.ਮੇਹਰ ਮਾਣਕ ਨੇ ਪੰਜਾਬ ਦੀ ਸਿੱਖਿਆ ਪ੍ਰਣਾਲੀ, ਨਵੀਂ ਵਿਦਿਆ ਨੀਤੀ ਅਤੇ ਆਰਟੀਫਿਸ਼ਲ ਇੰਟੈਲੀਜੈਂਸ (ਅੀ) ਦੇ ਪ੍ਰਭਾਵਾਂ ਬਾਰੇ ਵਿਚਾਰ ਪੇਸ਼ ਕੀਤੇ ਹਨ॥ਪੰਜਾਬ ਵਿੱਚ ਸਕੂਲੀ ਸਿੱਖਿਆ ਸਾਹਮਣੇ ਕਈ ਚੁਣੌਤੀਆਂ ਪ੍ਰਤੀ ਫਿਕਰਮੰਦੀ ਜ਼ਾਹਿਰ ਕਰਦਿਆਂ, ਵਿਦਿਆ ਲਈ ਬੁਨਿਆਦੀ ਸਹੂਲਤਾਂ,ਗੁਣਵੱਤਾ ਵਾਲੀ ਸਿੱਖਿਆ ਦੀ ਲੋੜ ਤੇ ਜੋਰ ਦਿੱਤਾ ਹੈ। ਕੌਮੀ ਸਿੱਖਿਆ ਨੀਤੀ-2020 ਦੇ ਪ੍ਰਭਾਵਾਂ ਨੂੰ ਉਲੀਕਦਿਆਂ ਸਿੱਖਿਆ ਵਿਰੋਧੀ ਪੱਖਾਂ ਦੀ ਵੀ ਨਿਸ਼ਾਨਦੇਹੀ ਕੀਤੀ ਹੈ। ਮਸਨੂਈ ਬੁੱਧੀ ਦੀ ਮਨੁੱਖ ਦੀ ਸੋਚ, ਸਮਝ ਤੇ ਬੁੱਧੀ ਤੇ ਹੋ ਰਹੀ ਪ੍ਰਭਾਵਿਕਤਾ ਨੂੰ ਵੀ ਵਿਚਾਰਿਆ ਗਿਆ ਹੈ।ਡਾ. ਮੇਹਰ ਮਾਣਕ ਦੇ ਅਨੁਸਾਰ ਪੰਜਾਬ ਦੇ ਭਵਿੱਖ ਲਈ ਮਜ਼ਬੂਤ ਸਿੱਖਿਆ ਪ੍ਰਣਾਲੀ, ਨਵੀਂ ਸੋਚ ਅਤੇ ਤਕਨਾਲੋਜੀ ਦਾ ਸੰਤੁਲਿਤ ਉਪਯੋਗ ਜ਼ਰੂਰੀ ਹੈ।ਭਾਗ ਪੰਜਵੇਂ ਵਿਚ ਪੰਜਾਬ ਦੀਆਂ ਤਤਕਾਲੀ ਘਟਨਾਵਾਂ ਬਾਰੇ ਵਿਸ਼ਲੇਸ਼ਣ ਕੀਤਾ ਗਿਆ ਹੈ। ਜਿਵੇਂ ਹੜ੍ਹਾਂ ਦੀ ਤਬਾਹੀ ਤੇ ਹੜਾਂ ਤੋਂ ਪੰਜਾਬ ਨੂੰ ਬਚਾਉਣ ਦੇ ਲਈ ਨੌਜਵਾਨਾਂ ਦੀ ਏਕਤਾ ਤੇ ਭਾਈਚਾਰਕ ਸਾਂਝ ਦੇ ਵਿਲੱਖਣ ਰੋਲ ਦਾ ਵਰਣਨ ਵੀ ਕੀਤਾ ਗਿਆ ਹੈ ।ਡਾ. ਮੇਹਰ ਮਾਣਕ ਦੇ ਅਨੁਸਾਰ ਸਮਾਜ ਨੂੰ ਆਪਣੀਆਂ ਪਰੰਪਰਾਵਾਂ ਅਤੇ ਵਿਰਾਸਤ ਨੂੰ ਸੰਭਾਲਦੇ ਹੋਏ ਆਧੁਨਿਕ ਚੁਣੌਤੀਆਂ ਦਾ ਸੂਝ-ਬੂਝ ਨਾਲ ਸਾਹਮਣਾ ਕਰਨਾ ਚਾਹੀਦਾ ਹੈ। ਵਾਤਾਵਰਣ ਦੀ ਰੱਖਿਆ, ਸਮਾਜਿਕ ਜ਼ਿੰਮੇਵਾਰੀ ਅਤੇ ਸੰਵਿਧਾਨਕ ਮੁੱਲਾਂ ਦੀ ਪਾਲਣਾ ਨਾਲ ਹੀ ਇੱਕ ਮਜ਼ਬੂਤ ਸਮਾਜ ਦੀ ਰਚਨਾ ਹੋ ਸਕਦੀ ਹੈ। ਉਨ੍ਹਾਂ ਨੇ ਇਸ ਪੁਸਤਕ ਦੇ ਅਖੀਰਲੇ ਲੇਖ ਦੇ ਵਿੱਚ ਭਾਰਤ ਦੇ ਲੋਕਤੰਤਰੀ ਸਿਧਾਂਤਾਂ ਨੂੰ ਅੱਗੇ ਵਧਾਉਂਦਿਆਂ ਗਣਤੰਤਰ ਦਿਵਸ ਦੀ ਸਾਰਥਿਕਤਾ ਨੂੰ ਵੀ ਜਿੱਥੇ ਬਾਖੂਬੀ ਦੇ ਨਾਲ ਉਲੀਕਿਆ ਹੈ ਤੇ ਉੱਥੇ ਹੀ ਲੋਕਤੰਤਰੀ ਮੁੱਲਾਂ ਨੂੰ ਖੰਡਿਤ ਕਰਨ ਵਾਲੀਆਂ ਤਾਕਤਾਂ ਦੀ ਵਿਰੋਧਤਾ ਵੀ ਕੀਤੀ ਹੈ । ਸਮੁੱਚੇ ਰੂਪ ਵਿੱਚ ਇਹ ਪੁਸਤਕ ਪੰਜਾਬ ਦੀ ਚਿੰਤਾ ਕਰਦੀ ਹੋਈ ਇੱਕ ਚੇਤਨਾ ਦਾ ਪ੍ਰਸਾਰ ਕਰਦੀ ਹਲੂਣਦੀ ਹੈ "ਆਓ ਆਪਾਂ ਆਪਣਾ ਪੰਜਾਬ ਬਚਾਈਏ"। ਇਹ ਪੁਸਤਕ ਪੰਜਾਬ ਦੇ ਮੁੱਦਿਆਂ ਨੂੰ ਗਹਿਰਾਈ ਨਾਲ ਸਮਝ ਕੇ ਯਥਾਰਥ ਦੀ ਤੱਥਾਤਮਕ ਤਸਵੀਰ ਪੇਸ਼ ਕਰਦੀ ਹੈ । ਇਹ ਅੰਕੜੇ ਜਾਂ ਘਟਨਾਵਾਂ ਦਿਖਾਉਂਦੀ ਹੀ ਨਹੀਂ ਬਲਕਿ ਚਿੰਤਨ ਮੰਥਨ ਕਰਕੇ ਪੰਜਾਬ ਦਾ ਵਰਤਮਾਨ ਤੇ ਭਵਿੱਖ ਸੋਹਣਾ ਬਣਾਉਣ ਲਈ ਦਰਪੇਸ਼ ਸੰਕਟਾਂ ਤੋਂ ਪਾਰ ਜਾਣ ਲਈ ਸੋਚਣ ਲਈ ਮਜਬੂਰ ਕਰਦੀ ਹੈ। ਪੰਜਾਬ ਦੀਆਂ ਚਿੰਤਾਵਾਂ ਜੋ ਇਸ ਪੁਸਤਕ ਨੇ ਉਭਾਰੀਆਂ ਹਨ ਉਨ੍ਹਾਂ ਨੂੰ ਦੂਰ ਕਰਨ ਦੀ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਉਣਾ ਇਸ ਰਚਨਾ ਦਾ ਹਾਸਲ ਹੈ।



ਡਾ. ਅਰਵਿੰਦਰ ਕੌਰ ਕਾਕੜਾ

# ਗਣਿਤ ਤੋਂ ਡਰਨ ਦੀ ਨਹੀਂ, ਇਸ ਨੂੰ ਸਮਝਣ ਦੀ ਲੋੜ ਹੈ

"ਮੈਨੂੰ ਗਣਿਤ ਨਹੀਂ ਆਉਂਦਾ।" ਇਹ ਵਾਕ ਅਸੀਂ ਅਕਸਰ ਬੱਚਿਆਂ ਤੋਂ ਹੀ ਨਹੀਂ, ਸਗੋਂ ਵੱਡਿਆਂ ਤੋਂ ਵੀ ਸੁਣਦੇ ਹਾਂ। ਕਈ ਲੋਕ ਗਣਿਤ ਦਾ ਨਾਂ ਸੁਣਦੇ ਹੀ ਘਬਰਾ ਜਾਂਦੇ ਹਨ। ਉਨ੍ਹਾਂ ਨੂੰ ਲੱਗਦਾ ਹੈ ਕਿ ਇਹ ਵਿਸ਼ਾ ਸਿਰਫ਼ ਸਕੂਲ, ਕਾਲਜ ਜਾਂ ਇੰਜੀਨੀਅਰਾਂ ਲਈ ਹੈ। ਪਰ ਸੱਚਾਈ ਇਹ ਹੈ ਕਿ ਗਣਿਤ ਸਾਡੇ ਹਰ ਦਿਨ ਅਤੇ ਹਰ ਕੰਮ ਨਾਲ ਜੁੜੀ ਹੋਇਆ ਹੈ। ਭਾਵੇਂ ਸਾਨੂੰ ਇਸ ਦਾ ਅਹਿਸਾਸ ਹੋਵੇ ਜਾਂ ਨਾ ਹੋਵੇ, ਪਰ ਅਸੀਂ ਸਵੇਰ ਤੋਂ ਰਾਤ ਤੱਕ ਕਈ ਵਾਰ ਗਣਿਤ ਦੀ ਵਰਤੋਂ ਕਰਦੇ ਹਾਂ।

ਸਵੇਰੇ ਜਦੋਂ ਘਰ ਦਾ ਬਜਟ ਬਣਦਾ ਹੈ, ਤਨਖ਼ਾਹ ਵਿੱਚੋਂ ਖ਼ਰਚੇ ਕੱਢੇ ਜਾਂਦੇ ਹਨ, ਬੱਚਿਆਂ ਦੀ ਫ਼ੀਸ ਭਰੀ ਜਾਂਦੀ ਹੈ ਜਾਂ ਬਿਜਲੀ ਦਾ ਬਿੱਲ ਜਮ੍ਹਾਂ ਕਰਵਾਇਆ ਜਾਂਦਾ ਹੈ, ਉਦੋਂ ਗਣਿਤ ਹੀ ਕੰਮ ਆਉਂਦਾ ਹੈ। ਮਹੀਨੇ ਦੇ ਅਖੀਰ ਤੱਕ ਪੈਸੇ ਕਿਵੇਂ ਚਲਾਉਣੇ ਹਨ, ਕਿੰਨੀ ਬਚਤ ਕਰਨੀ ਹੈ ਅਤੇ ਕਿੱਥੇ ਖ਼ਰਚਾ ਘਟਾਉਣਾ ਹੈ—ਇਹ ਸਭ ਗਣਿਤ (ਹਿਸਾਬ) ਨਾਲ ਹੀ ਸੰਭਵ ਹੈ। ਬਾਜ਼ਾਰ ਵਿੱਚ ਖਰੀਦਦਾਰੀ ਕਰਦਿਆਂ ਵੀ ਗਣਿਤ ਸਾਡਾ ਸਭ ਤੋਂ ਵੱਡਾ ਸਾਥੀ ਹੁੰਦਾ ਹੈ। ਕਿਸੇ ਦੁਕਾਨ 'ਤੇ 25 ਫ਼ੀਸਦੀ ਛੋਟ ਮਿਲ ਰਹੀ ਹੈ, ਕਿਤੇ "ਦੋ ਖਰੀਦੋ, ਇੱਕ ਮੁਫ਼ਤ ਲਵੋ" ਦੀ ਸਕੀਮ ਹੈ। ਜੇ ਸਾਨੂੰ ਗਿਣਤੀ ਦੀ ਸਮਝ ਹੈ ਤਾਂ ਅਸੀਂ ਜਾਣ ਸਕਦੇ ਹਾਂ ਕਿ ਅਸਲ ਵਿੱਚ ਫ਼ਾਇਦਾ ਕਿੱਥੇ ਹੈ। ਨਹੀਂ ਤਾਂ ਚਮਕਦਾਰ ਇਸ਼ਤਿਹਾਰਾਂ ਦੇ ਚੱਕਰ ਵਿੱਚ ਅਸੀਂ ਵੱਧ ਪੈਸੇ ਖ਼ਰਚ ਕਰ ਜਾਂਦੇ ਹਾਂ। ਕਿਸਾਨ ਦੀ ਜ਼ਿੰਦਗੀ ਵੀ ਗਣਿਤ ਤੋਂ ਬਿਨਾਂ ਨਹੀਂ ਚੱਲ ਸਕਦੀ। ਇੱਕ ਏਕੜ ਵਿੱਚ ਕਿੰਨਾ ਬੀਜ ਪਾਉਣਾ ਹੈ, ਖਾਦ ਕਿੰਨੀ ਪਾਉਣੀ ਹੈ, ਦਵਾਈ ਦਾ ਖ਼ਰਚਾ ਕਿੰਨਾ ਹੈ ਅਤੇ ਫ਼ਸਲ ਵੇਚਣ ਤੋਂ ਬਾਅਦ ਕਿੰਨਾ ਲਾਭ ਹੋਇਆ—ਇਹ ਸਭ ਗਿਣਤੀ ਨਾਲ ਹੀ ਪਤਾ ਲੱਗਦਾ ਹੈ। ਜੇ ਕਿਸਾਨ ਆਪਣੇ ਖ਼ਰਚੇ ਅਤੇ ਆਮਦਨ ਦਾ ਸਹੀ ਹਿਸਾਬ ਰੱਖੇ ਤਾਂ ਉਹ ਘਾਟੇ ਤੋਂ ਕਾਫ਼ੀ ਹੱਦ ਤੱਕ ਬਚ ਸਕਦਾ ਹੈ।

ਘਰੇਲੂ ਮਹਿਲਾਵਾਂ ਤਾਂ ਹਰ ਰੋਜ਼ ਗਣਿਤ ਦੀ ਵਰਤੋਂ ਕਰਦੀਆਂ ਹਨ। ਰਸੋਈ ਦਾ ਸਮਾਨ ਖ਼ਰੀਦਣਾ, ਮਹੀਨੇ ਦਾ ਰਾਸ਼ਨ ਚਲਾਉਣਾ, ਬੱਚਿਆਂ ਦੀਆਂ ਲੋੜਾਂ ਪੂਰੀਆਂ ਕਰਨਾ ਅਤੇ ਕੁਝ ਪੈਸੇ ਬਚਾ ਕੇ ਰੱਖਣਾ—ਇਹ ਸਭ ਗਣਿਤ ਦੀ ਮਦਦ ਨਾਲ ਹੀ ਹੁੰਦਾ ਹੈ। ਹੋ ਸਕਦਾ ਹੈ ਉਹ ਇਸ ਨੂੰ "ਗਣਿਤ" ਨਾ ਕਹਿਣ, ਪਰ ਇਹ ਗਣਿਤ ਹੀ ਹੈ। ਅੱਜ ਦਾ ਸਮਾਂ ਡਿਜ਼ੀਟਲ ਲੈਣ-ਦੇਣ ਦਾ ਹੈ। ਮੋਬਾਈਲ ਰਾਹੀਂ ਪੈਸੇ ਭੇਜਣੇ, ਬੈਂਕ ਖਾਤੇ ਦੀ ਜਾਂਚ ਕਰਨੀ, ਕਰਜ਼ੇ ਦੀ ਕਿਸ਼ਤ ਭਰਨੀ ਜਾਂ ਆਨਲਾਈਨ ਖਰੀਦਦਾਰੀ ਕਰਨੀ—ਹਰ ਥਾਂ ਅੰਕਾਂ ਦੀ ਸਮਝ ਜ਼ਰੂਰੀ ਹੈ। ਜੇ ਸਾਨੂੰ ਹਿਸਾਬ ਨਹੀਂ ਆਉਂਦਾ ਤਾਂ ਗਲਤੀ ਹੋਣ ਜਾਂ ਧੋਖਾਧੜੀ ਦਾ ਖ਼ਤਰਾ ਵੀ ਵੱਧ ਜਾਂਦਾ ਹੈ। ਗਣਿਤ ਦੀ ਸਭ ਤੋਂ ਵੱਡੀ ਖ਼ੂਬੀ ਇਹ ਹੈ ਕਿ ਇਹ ਸਾਨੂੰ ਸਿਰਫ਼ ਗਿਣਤੀ ਹੀ ਨਹੀਂ, ਸਗੋਂ ਸੋਚਣ ਦਾ ਸਲੀਕਾ ਵੀ ਸਿਖਾਉਂਦਾ ਹੈ। ਇਹ ਸਬਰ ਨਾਲ ਸਮੱਸਿਆ ਦਾ ਹੱਲ ਲੱਭਣਾ, ਤਰਕ ਨਾਲ ਫ਼ੈਸਲਾ ਲੈਣਾ ਅਤੇ ਹਰ ਗੱਲ ਨੂੰ ਸਮਝ ਕੇ ਅੱਗੇ ਵਧਣਾ ਸਿਖਾਉਂਦਾ ਹੈ। ਇਹੀ ਗੁਣ ਮਨੁੱਖ ਨੂੰ ਜੀਵਨ ਦੇ ਹਰ ਖੇਤਰ ਵਿੱਚ ਕਾਮਯਾਬ ਬਣਾਉਂਦੇ ਹਨ।

ਅਫ਼ਸੋਸ ਦੀ ਗੱਲ ਇਹ ਹੈ ਕਿ ਸਾਡੇ ਸਕੂਲਾਂ ਵਿੱਚ ਬਹੁਤ ਸਾਰੇ ਬੱਚੇ ਗਣਿਤ ਨੂੰ ਰਟਣ ਵਾਲਾ ਵਿਸ਼ਾ ਸਮਝਦੇ ਹਨ। ਨਤੀਜਾ ਇਹ ਨਿਕਲਦਾ ਹੈ ਕਿ ਉਹ ਇਸ ਤੋਂ ਡਰਨ ਲੱਗ ਪੈਂਦੇ ਹਨ। ਲੋੜ ਇਸ ਗੱਲ ਦੀ ਹੈ ਕਿ ਗਣਿਤ ਨੂੰ ਕਿਤਾਬਾਂ ਵਿੱਚੋਂ ਕੱਢ ਕੇ ਜ਼ਿੰਦਗੀ ਨਾਲ ਜੋੜਿਆ ਜਾਵੇ। ਬੱਚਿਆਂ ਨੂੰ ਖਰੀਦਦਾਰੀ, ਖੇਡਾਂ, ਸਮੇਂ ਦੀ ਯੋਜਨਾ, ਖੇਤੀਬਾੜੀ ਅਤੇ ਘਰ ਦੇ ਛੋਟੇ-ਛੋਟੇ ਹਿਸਾਬਾਂ ਰਾਹੀਂ ਗਣਿਤ ਸਿਖਾਇਆ ਜਾਵੇ। ਜਦੋਂ ਉਹ ਇਸ ਦੀ ਵਰਤੋਂ ਆਪਣੀ ਜ਼ਿੰਦਗੀ ਵਿੱਚ ਦੇਖਣਗੇ ਤਾਂ ਇਹ ਵਿਸ਼ਾ ਆਪਣੇ ਆਪ ਦਿਲਚਸਪ ਲੱਗਣ ਲੱਗੇਗਾ।

ਅੱਜ ਭਾਰਤ ਤੇਜ਼ੀ ਨਾਲ ਡਿਜ਼ੀਟਲ ਅਤੇ ਆਰਥਿਕ ਤਰੱਕੀ ਕਰ ਰਿਹਾ ਹੈ। ਅਜਿਹੇ ਸਮੇਂ ਵਿੱਚ ਹਰ ਨਾਗਰਿਕ ਲਈ ਬੁਨਿਆਦੀ ਗਣਿਤ ਦੀ ਸਮਝ ਹੋਣਾ ਬਹੁਤ ਜ਼ਰੂਰੀ ਹੈ। ਇਹ ਸਿਰਫ਼ ਨੌਕਰੀ ਜਾਂ ਪ੍ਰੀਖਿਆ ਲਈ ਨਹੀਂ, ਸਗੋਂ ਸਮਝਦਾਰ ਨਾਗਰਿਕ ਬਣਨ ਲਈ ਵੀ ਲਾਜ਼ਮੀ ਹੈ।

ਗਣਿਤ ਸਾਡੀ ਜ਼ਿੰਦਗੀ ਦਾ ਉਹ ਦੋਸਤ ਹੈ ਜੋ ਕਦੇ ਸਾਡਾ ਸਾਥ ਨਹੀਂ ਛੱਡਦਾ। ਲੋੜ ਸਿਰਫ਼ ਇਸ ਨੂੰ ਬੋਝ ਸਮਝਣ ਦੀ ਨਹੀਂ, ਸਗੋਂ ਇਸ ਨੂੰ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਦਾ ਹਿੱਸਾ ਬਣਾਉਣ ਦੀ ਹੈ। ਜਿਸ ਦਿਨ ਅਸੀਂ ਗਣਿਤ ਨੂੰ ਡਰ ਦੀ ਨਜ਼ਰ ਨਾਲ ਨਹੀਂ, ਸਗੋਂ ਸਮਝ ਦੀ ਨਜ਼ਰ ਨਾਲ ਦੇਖਣਾ ਸ਼ੁਰੂ ਕਰ ਦੇਵਾਂਗੇ, ਉਸ ਦਿਨ ਇਹ ਵਿਸ਼ਾ ਸਾਡੇ ਲਈ ਸਭ ਤੋਂ ਆਸਾਨ ਅਤੇ ਸਭ ਤੋਂ ਲਾਭਦਾਇਕ ਬਣ ਜਾਵੇਗਾ।



**ਨਵਨੀਤ ਸਿੰਘ,**
**9814509900**

# ਗਰਾਊਂਡ ਦੀ ਕਮਾਈ ਜਾਂ ਦਰਬਾਰੀ ਸਿਆਸਤ? ਲੀਡਰਸ਼ਿਪ ਦੀ ਅਸਲ ਕਸੌਟੀ

## ਕਾਮਯਾਬ ਲੀਡਰ ਜਾ ਸਿਆਸਤ ਦਾਨ ਉਹੀ ਕਾਮਯਾਬ ਹੈ ਜੋ ਹਰ ਇੱਕ ਦਾ ਕੰਮ ਬਿਨਾਂ ਪੱਖਪਾਤ ਤੋਂ ਕਰਕੇ ਆਪਣੇ ਵੋਟਰਾਂ ਦਾ ਮਨ ਜਿੱਤੇ ? ਪਰ ਅਜਿਹਾ ਹੁੰਦਾ ਨਹੀਂ

ਲੋਕਤੰਤਰ ਦੀ ਸਫ਼ਲਤਾ ਦਾ ਅੰਕਲਨ ਸਿਰਫ਼ ਚੋਣਾਂ ਕਰਵਾਉਣ ਨਾਲ ਨਹੀਂ ਹੁੰਦਾ, ਸਗੋਂ ਇਸ ਗੱਲ ਨਾਲ ਵੀ ਹੁੰਦਾ ਹੈ ਕਿ ਰਾਜਨੀਤਿਕ ਪਾਰਟੀਆਂ ਆਪਣੀ ਲੀਡਰਸ਼ਿਪ ਕਿਵੇਂ ਤਿਆਰ ਕਰਦੀਆਂ ਹਨ। ਕਿਸੇ ਵੀ ਪਾਰਟੀ ਦੀ ਅਸਲ ਤਾਕਤ ਉਸ ਦੇ ਝੰਡਿਆਂ, ਨਾਅਰਿਆਂ ਜਾਂ ਵਿਸ਼ਾਲ ਰੈਲੀਆਂ ਵਿੱਚ ਨਹੀਂ, ਸਗੋਂ ਉਨ੍ਹਾਂ ਕਾਰਕੁਨਾਂ ਅਤੇ ਲੀਡਰਾਂ ਵਿੱਚ ਹੁੰਦੀ ਹੈ, ਜੋ ਸਾਲਾਂ ਤੱਕ ਲੋਕਾਂ ਦੇ ਵਿਚ ਰਹਿ ਕੇ ਭਰੋਸਾ ਕਮਾਉਂਦੇ ਹਨ। ਜਿਹੜੀ ਪਾਰਸੇ ਆਪਣੇ ਜ਼ਮੀਨੀ ਕਾਰਕਨਾਂ ਹੈ, ਦੀ ਹਰ ਕਸੌਟੀ ਤੇ ਮਜ਼ਬੂਤੀ ਨਾਲ ਖੜ੍ਹੀ ਰਹਿੰਦੀ ਹੈ। ਪਰ ਜਦੋਂ ਸੰਗਠਨ ਵਿੱਚ ਮਿਹਨਤ, ਸਮਰਪਣ ਅਤੇ ਜਨ-ਆਧਾਰ ਨਾਲੋਂ ਨੇੜਤਾ ਅਤੇ ਪ੍ਰਭਾਵ ਨੂੰ ਵੱਧ ਅਹਿਮੀਅਤ ਮਿਲਣ ਲੱਗੇ, ਤਾਂ ਸੰਗਠਨ ਦਾ ਅੰਦਰੂਨੀ ਸੰਤੁਲਨ ਲੋਕਾਂ ਦੇ ਦੁੱਖ-ਸੁੱਖ ਵਿੱਚ ਡਗਮਗਾਉਣਾ ਸ਼ੁਰੂ ਹੋ ਜਾਂਦਾ ਹੈ। ਹਰ ਰਾਜਨੀਤਿਕ ਪਾਰਟੀ ਵਿੱਚ ਆਮ ਤੌਰ ਤੇ ਦੋ ਤਰ੍ਹਾਂ ਦੀ ਲੀਡਰਸ਼ਿਪ ਨਜ਼ਰ ਆਉਂਦੀ ਹੈ। ਪਹਿਲੀ ਉਹ, ਜੋ ਲੋਕਾਂ ਦੇ ਵਿਚ ਰਹਿ ਕੇ ਆਪਣੀ ਪਛਾਣ ਬਣਾਉਂਦੀ ਹੈ। ਇਹ ਲੀਡਰ ਪਿੰਡਾਂ ਦੀਆਂ ਗਲੀਆਂ, ਸ਼ਹਿਰਾਂ ਦੇ ਮੁਹੱਲਿਆਂ, ਕਿਸਾਨਾਂ ਦੇ ਖੇਤਾਂ, ਵਪਾਰੀਆਂ ਦੇ ਬਾਜ਼ਾਰਾਂ ਅਤੇ ਆਮ ਨਜ਼ਰ ਆਉਂਦੇ ਹਨ। ਉਹ ਕਿਸੇ ਅਹੁਦੇ ਅਤੇ ਸਹਾਰੇ , ਸਗੋ ਆਪਣੀ ਸੇਵਾ, ਸੰਘਰਸ਼ ਅਤੇ ਲੋਕਾਂ ਨਾਲ ਬਣੇ ਵਿਸ਼ਵਾਸ ਦੇ ਆਧਾਰ ਤੇ ਅੱਗੇ ਵਧਦੇ ਹਨ। ਚੋਣਾਂ ਤੋਂ ਬਾਅਦ ਵੀ ਉਨ੍ਹਾਂ ਦਾ ਲੋਕਾਂ ਨਾਲ ਸੰਪਰਕ ਬਣਿਆ ਰਹਿੰਦਾ ਹੈ ਅਤੇ ਉਹ ਪਾਰਟੀ ਦੀ ਵਿਚਾਰਧਾਰਾ ਨੂੰ ਜ਼ਮੀਨੀ ਪੱਧਰ ਤੱਕ ਪਹੁੰਚਾਉਣ ਦਾ ਕੰਮ ਕਰਦੇ ਹਨ। ਅਜਿਹੇ ਲੋਕ ਹੀ ਕਿਸੇ ਵੀ ਸੰਗਠਨ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ।

ਦੂਜੀ ਕਿਸਮ ਦੀ ਲੀਡਰਸ਼ਿਪ ਉਹ ਹੁੰਦੀ ਹੈ, ਜੋ ਸੰਗਠਨ ਪ੍ਰਭਾਵ ਜਾਂ ਪ੍ਰਸ਼ਾਸਨਿਕ ਪਹੁੰਚ ਦੇ ਆਧਾਰ ਤੇ ਉਭਰਦੀ ਹੈ। ਅਜਿਹੇ ਲੀਡਰ ਸੰਗਠਨਕ ਪੱਧਰ ਤੇ ਪ੍ਰਭਾਵਸ਼ਾਲੀ ਹੋ ਸਕਦੇ ਹਨ ਅਤੇ ਕਈ ਵਾਰ ਉਨ੍ਹਾਂ ਦੀ ਪ੍ਰਬੰਧਕੀ ਯੋਗਤਾ ਵੀ ਲਾਭਦਾਇਕ ਸਾਬਤ ਹੁੰਦੀ ਹੈ। ਪਰ ਜੇ ਉਨ੍ਹਾਂ ਦੀ ਜ਼ਮੀਨੀ ਪਕੜ ਕਮਜ਼ੋਰ ਹੋਵੇ ਅਤੇ ਇਹ ਪ੍ਰਭਾਵ ਬਣੇ ਕਿ ਮਿਹਨਤ ਨਾਲੋਂ ਨੇੜਤਾ ਨੂੰ ਵੱਧ ਤਰਜੀਹ ਦਿੱਤੀ ਜਾ ਰਹੀ ਹੈ, ਤਾਂ ਲੰਬੇ ਸਮੇਂ ਤੋਂ ਕੰਮ ਕਰ ਰਹੇ ਕਾਰਕੁਨਾਂ ਵਿੱਚ ਨਿਰਾਸ਼ਾ ਪੈਦਾ ਹੋਣਾ ਸੁਭਾਵਿਕ ਹੈ। ਇਹ ਨਿਰਾਸ਼ਾ ਹੌਲੀ-ਹੌਲੀ ਸੰਗਠਨ ਦੀ ਊਰਜਾ ਅਤੇ ਏਕਤਾ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ।

ਇਹ ਵੀ ਉਤਨਾ ਹੀ ਸੱਚ ਹੈ ਕਿ ਹਰ ਉਹ ਵਿਅਕਤੀ, ਜੋ ਉੱਚ ਅਹੁਦੇ ਤੱਕ ਪਹੁੰਚਦਾ ਹੈ, ਲਾਜ਼ਮੀ ਨਹੀਂ ਕਿ ਉਹ ਸਿਰਫ਼ ਸਿਫ਼ਾਰਸ਼ ਦੇ ਆਧਾਰ ਤੇ ਹੀ ਉੱਥੇ ਪਹੁੰਚਿਆ ਹੋਵੇ। ਕਈ ਲੋਕ ਆਪਣੀ ਦੂਰਅੰਦੇਸ਼ੀ, ਸੰਗਠਨਕ ਯੋਗਤਾ ਅਤੇ ਨਤੀਜੇ ਦੇਣ ਦੀ ਸਮਰੱਥਾ ਕਰਕੇ ਵੀ ਅੱਗੇ ਆਉਂਦੇ ਹਨ। ਇਸ ਲਈ ਕਿਸੇ ਵੀ ਲੀਡਰ ਦਾ ਮੁਲਾਂਕਣ ਪੂਰਵ-ਧਾਰਨਾਵਾਂ ਦੀ ਬਜਾਏ ਉਸ ਦੇ ਕੰਮ, ਜਨਤਾ ਨਾਲ ਜੁੜਾਅ, ਇਮਾਨਦਾਰੀ ਅਤੇ ਸੰਗਠਨ ਲਈ ਦਿੱਤੇ ਯੋਗਦਾਨ ਦੇ ਆਧਾਰ ਤੇ ਹੀ ਹੋਣਾ ਚਾਹੀਦਾ ਅੱਜ ਦੇ ਦੌਰ ਵਿੱਚ ਰਾਜਨੀਤੀ ਤੇਜ਼ੀ ਨਾਲ ਬਦਲ ਰਹੀ ਹੈ। ਸੋਸ਼ਲ ਮੀਡੀਆ ਨੇ ਚਿਹਰਿਆਂ ਨੂੰ ਮਸ਼ਹੂਰ ਬਣਾਉਣਾ ਆਸਾਨ ਕਰ ਦਿੱਤਾ ਹੈ, ਪਰ ਲੋਕਾਂ ਦਾ ਭਰੋਸਾ ਅੱਜ ਵੀ ਸਿਰਫ਼ ਕੰਮ ਦੇ ਆਧਾਰ ਤੇ ਹੀ ਜਿੱਤਿਆ ਜਾ ਸਕਦਾ ਹੈ। ਲੋਕ ਹੁਣ ਸਿਰਫ਼ ਭਾਸ਼ਣ ਨਹੀਂ ਸੁਣਦੇ, ਸਗੋਂ ਇਹ ਵੀ ਦੇਖਦੇ ਹਨ ਕਿ ਔਖੇ ਸਮੇਂ ਵਿੱਚ ਉਨ੍ਹਾਂ ਦੇ ਨਾਲ ਕੌਣ ਖੜ੍ਹਾ ਸੀ। ਇਸੇ ਕਰਕੇ ਜ਼ਮੀਨੀ ਨਾਲੋਂ ਹੋਰ ਵੀ ਵੱਧ ਗਈ ਹੈ।ਹਰ ਪਾਰਟੀ ਲਈ ਇਹ ਲਾਜ਼ਮੀ ਹੈ ਕਿ ਉਹ ਆਪਣੇ ਸੰਗਠਨ ਵਿੱਚ ਅਜਿਹਾ ਮਾਹੌਲ ਸਿਰਜੇ, ਜਿੱਥੇ ਇੱਕ ਆਮ ਕਾਰਕੁਨ ਨੂੰ ਇਹ ਵਿਸ਼ਵਾਸ ਹੋਵੇ ਕਿ ਉਸ ਦੀ ਮਿਹਨਤ, ਸਮਰਪਣ ਅਤੇ ਯੋਗਤਾ ਦਾ ਸਨਮਾਨ ਹੋਵੇਗਾ। ਜੇ ਕਿਸੇ ਕਾਰਕੁਨ ਨੂੰ ਇਹ ਮਹਿਸੂਸ ਹੋਣ ਲੱਗੇ ਕਿ ਅੱਗੇ ਵਧਣ ਲਈ ਸਿਰਫ਼ ਪ੍ਰਭਾਵਸ਼ਾਲੀ ਲੋਕਾਂ ਦੀ ਨੇੜਤਾ ਹੀ ਕਾਫ਼ੀ ਹੈ, ਤਾਂ ਉਸ ਦਾ ਉਤਸ਼ਾਹ ਅਤੇ ਸਮਰਪਣ ਹੌਲੀ-ਹੌਲੀ ਘਟਣ ਲੱਗਦਾ ਹੈ। ਇਸ ਦਾ ਨੁਕਸਾਨ ਸਿਰਫ਼ ਇੱਕ ਵਿਅਕਤੀ ਨੂੰ ਨਹੀਂ, ਸਗੋਂ ਪੂਰੇ ਸੰਗਠਨ ਨੂੰ ਝੱਲਣਾ ਪੈਂਦਾ ਹੈ।ਲੋਕਤੰਤਰ ਵਿੱਚ ਅਹੁਦੇ ਸਥਾਈ ਨਹੀਂ ਹੁੰਦੇ, ਪਰ ਲੋਕਾਂ ਦਾ ਭਰੋਸਾ ਸਥਾਈ ਪੂੰਜੀ ਹੁੰਦਾ ਹੈ। ਇਹ ਭਰੋਸਾ ਨਾ ਕਿਸੇ ਸਿਫ਼ਾਰਸ਼ ਨਾਲ ਮਿਲਦਾ ਹੈ ਅਤੇ ਨਾ ਹੀ ਕਿਸੇ ਹੁਕਮ ਨਾਲ; ਇਹ ਸਾਲਾਂ ਦੀ ਸੇਵਾ, ਇਮਾਨਦਾਰੀ ਅਤੇ ਲੋਕਾਂ ਨਾਲ ਨਿਭਾਏ ਰਿਸ਼ਤਿਆਂ ਰਾਹੀਂ ਕਮਾਇਆ ਜਾਂਦਾ ਹੈ। ਇਸ ਲਈ ਹਰ ਰਾਜਨੀਤਿਕ ਪਾਰਟੀ ਨੂੰ ਸਮੇਂ-ਸਮੇਂ ਤੇ ਆਪਣੀ ਲੀਡਰਸ਼ਿਪ ਦਾ ਨਿਰਪੱਖ ਮੁਲਾਂਕਣ ਕਰਨਾ ਚਾਹੀਦਾ ਹੈ ਅਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਅੱਗੇ ਵਧਣ ਦਾ ਮਾਪਦੰਡ ਯੋਗਤਾ, ਮਿਹਨਤ, ਜਨ-ਸੰਪਰਕ ਅਤੇ ਕਾਰਗੁਜ਼ਾਰੀ ਹੋਵੇ ਦਾ ਸਭ ਤੋਂ ਵੱਡਾ ਸੱਚ ਇਹੀ ਹੈ ਕਿ ਪਾਰਟੀ ਨੂੰ ਮਜ਼ਬੂਤ ਕਰਨ ਵਾਲੇ ਲੋਕ ਉਹ ਨਹੀਂ ਹੁੰਦੇ ਜੋ ਸਿਰਫ਼ ਉੱਚੇ ਦਰਬਾਰਾਂ ਵਿੱਚ ਜਾਣੇ ਜਾਂਦੇ ਹਨ, ਸਗੋਂ ਉਹ ਹੁੰਦੇ ਹਨ ਜੋ ਲੋਕਾਂ ਦੇ ਦਿਲਾਂ ਵਿੱਚ ਆਪਣੀ ਥਾਂ ਬਣਾਉਂਦੇ ਹਨ। ਕੁਰਸੀਆਂ ਮਿਲ ਸਕਦੀਆਂ ਹਨ, ਅਹੁਦੇ ਦਿੱਤੇ ਜਾ ਸਕਦੇ ਹਨ, ਪਰ ਜਨਤਾ ਦਾ ਵਿਸ਼ਵਾਸ ਨਾ ਖਰੀਦਿਆ ਜਾ ਸਕਦਾ ਹੈ ਅਤੇ ਨਾ ਹੀ ਉਧਾਰ ਲਿਆ ਜਾ ਸਕਦਾ ਹੈ। ਜਿਸ ਪਾਰਟੀ ਦੀ ਨੀਂਹ ਜ਼ਮੀਨੀ ਕਾਰਕੁਨਾਂ ਤੇ ਟਿਕੀ ਹੁੰਦੀ ਹੈ, ਉਹੀ ਪਾਰਟੀ ਸਮੇਂ ਦੀ ਹਰ ਆਂਧੀ ਦਾ ਡਟ ਕੇ ਸਾਹਮਣਾ ਕਰਦੀ ਹੈ।



**ਸੀਨੀਅਰ ਪੱਤਰਕਾਰ**
**ਜਤਿੰਦਰ ਪਾਲ ਸਿੰਘ ਕਲੇਰ**
**ਬਿਊਰੋ ਚੀਫ ਪੰਜਾਬ**
**(ਨਵਾਂਸ਼ਹਿਰ)**
**ਮੋਬਾਈਲ 9814009561**

# ਪੁਸਤਕ ਸਮੀਖਿਆ ਮੁਸ਼ੱਕਤ ਦੇ ਰੰਗ

**ਲੋਕ-ਜੀਵਨ, ਕਿਰਤ-ਸੱਭਿਆਚਾਰ ਅਤੇ ਮਨੁੱਖੀ ਸਰੋਕਾਰਾਂ ਦਾ ਕਾਵਿਕ ਦਸਤਾਵੇਜ਼**

**ਲੇਖਕ: ਬਚਿੱਤਰ ਸਿੰਘ ਜਟਾਣਾ**

**ਪ੍ਰਕਾਸ਼ਕ: ਜੇ.ਪੀ. ਪਬਲੀਕੇਸ਼ਨ**




ਪੰਜਾਬੀ ਕਵਿਤਾ ਦੀ ਪਰੰਪਰਾ ਵਿੱਚ ਲੋਕ-ਜੀਵਨ, ਕਿਰਤ, ਮਨੁੱਖੀ ਸੰਵੇਦਨਾ ਅਤੇ ਸਮਾਜਿਕ ਚੇਤਨਾ ਨੂੰ ਕੇਂਦਰ ਵਿੱਚ ਰੱਖਣ ਵਾਲੀਆਂ ਰਚਨਾਵਾਂ ਦੀ ਆਪਣੀ ਵਿਲੱਖਣ ਪਛਾਣ ਰਹੀ ਹੈ। ਬਚਿੱਤਰ ਸਿੰਘ ਜਟਾਣਾ ਦਾ ਤੀਜਾ ਕਾਵਿ-ਸੰਗ੍ਰਹਿ 'ਮੁਸ਼ੱਕਤ ਦੇ ਰੰਗ' ਇਸੇ ਪਰੰਪਰਾ ਦੀ ਇੱਕ ਅਹਿਮ ਕੜੀ ਵਜੋਂ ਸਾਹਮਣੇ ਆਉਂਦਾ ਹੈ। ਇਹ ਸੰਗ੍ਰਹਿ ਸਿਰਫ਼ ਕਵਿਤਾਵਾਂ ਦਾ ਇਕੱਠ ਨਹੀਂ, ਸਗੋਂ ਇੱਕ ਮਿਹਨਤੀ ਮਨੁੱਖ ਦੇ ਜੀਵਨ-ਅਨੁਭਵਾਂ, ਸਮਾਜ ਪ੍ਰਤੀ ਚਿੰਤਾ ਅਤੇ ਨੈਤਿਕ ਕਦਰਾਂ ਦਾ ਕਾਵਿਕ ਬਿਆਨ ਹੈ। ਕਵੀ ਨੇ ਆਪਣੇ ਆਲੇ-ਦੁਆਲੇ ਦੇ ਜੀਵਨ ਨੂੰ ਬਿਨਾਂ ਕਿਸੇ ਬਣਾਵਟ ਦੇ, ਸਿੱਧੀ, ਸਰਲ ਅਤੇ ਪ੍ਰਭਾਵਸ਼ਾਲੀ ਭਾਸ਼ਾ ਵਿੱਚ ਪੇਸ਼ ਕੀਤਾ ਹੈ।

ਵਿਸ਼ਾ ਪੱਖ:

ਜ਼ਿੰਦਗੀ ਦੇ ਹਰ ਰੰਗ ਦੀ ਕਵਿਤਾ

ਸੰਗ੍ਰਹਿ ਦਾ ਕੇਂਦਰੀ ਵਿਚਾਰ ਮੁਸ਼ੱਕਤ, ਭਾਵ ਮਿਹਨਤ ਅਤੇ ਕਿਰਤ ਦੀ ਮਹਿਮਾ ਹੈ। ਕਵੀ ਲਈ ਮਿਹਨਤ ਸਿਰਫ਼ ਰੋਜ਼ੀ-ਰੋਟੀ ਦਾ ਸਾਧਨ ਨਹੀਂ, ਸਗੋਂ ਮਨੁੱਖੀ ਸ਼ਖ਼ਸੀਅਤ ਦਾ ਗਹਿਣਾ ਹੈ। ਪੁਸਤਕ ਦੀ ਪਹਿਲੀ ਹੀ ਕਵਿਤਾ ਪਾਠਕ ਨੂੰ ਇਸ ਮੁੱਖ ਵਿਚਾਰ ਨਾਲ ਜੋੜ ਦਿੰਦੀ ਹੈ:

ਮੁਸ਼ੱਕਤ ਦੇ ਅਜੀਬ ਨੇ ਰੰਗ
ਤੰਦਰੁਸਤ ਰਹਿੰਦਾ ਅੰਗ ਅੰਗ
ਜਿੱਤ ਲੈਂਦੇ ਜ਼ਿੰਦਗੀ ਦੀ ਜੰਗ
ਆਲਸ ਨੂੰ ਕਿੱਲੀ ਉੱਤੇ ਦੇਵੇ ਟੰਗ।
(ਕਵਿਤਾ: ਮੁਸ਼ੱਕਤ ਦੇ ਰੰਗ, ਪੰਨਾ 7)

ਇਹ ਸਤਰਾਂ ਦੱਸਦੀਆਂ ਹਨ ਕਿ ਕਵੀ ਲਈ ਮਿਹਨਤ ਕੇਵਲ ਸਰੀਰਕ ਕਿਰਿਆ ਨਹੀਂ, ਸਗੋਂ ਜੀਵਨ-ਦਰਸ਼ਨ ਹੈ।

ਪਰ ਕਵੀ ਦਾ ਸੰਸਾਰ ਕੇਵਲ ਮਿਹਨਤ ਤੱਕ ਸੀਮਤ ਨਹੀਂ। ਉਹ ਸਮਾਜ ਦੀਆਂ ਅਨੇਕਾਂ ਸਮੱਸਿਆਵਾਂ ਨੂੰ ਵੀ ਸੰਵੇਦਨਸ਼ੀਲਤਾ ਨਾਲ ਉਜਾਗਰ ਕਰਦਾ ਹੈ।

ਕਿਸਾਨੀ ਜੀਵਨ ਦੀ ਪੀੜ:

ਪੰਜਾਬ ਦਾ ਕਿਸਾਨ ਅੱਜ ਕਰਜ਼ੇ, ਕੁਦਰਤੀ ਆਫ਼ਤਾਂ ਅਤੇ ਆਰਥਿਕ ਅਸੁਰੱਖਿਆ ਨਾਲ ਜੂਝ ਰਿਹਾ ਹੈ। ਕਵੀ ਇਸ ਹਕੀਕਤ ਨੂੰ ਕਿਸੇ ਸਿਆਸੀ ਨਾਅਰੇ ਵਾਂਗ ਨਹੀਂ, ਸਗੋਂ ਅੰਦਰੋਂ ਮਹਿਸੂਸ ਕੀਤੀ ਪੀੜ ਵਜੋਂ ਪੇਸ਼ ਕਰਦਾ ਹੈ:

ਪੈਸੇ ਸ਼ਾਹੂਕਾਰਾਂ ਤੋਂ ਵਿਆਜ 'ਤੇ ਚੁੱਕੇ ਸੀ,
ਹੁਣ ਦਾਹੜੀ ਨਾਲੋਂ ਮੁੱਛਾਂ ਵਧਣਗੀਆਂ।
ਆਪਣੀਆਂ ਪੈਲੀਆਂ ਨੇ ਥੋੜੀਆਂ,
ਠੇਕੇ ਮੋੜੀਏ ਵਿੱਚੋਂ ਕਿਹੜੇ ਖਾਤਿਆਂ?
(ਕਵਿਤਾ: ਵਿਸਾਖੀ, ਪੰਨਾ 41)

ਇੱਥੇ ਕਿਸਾਨ ਦੀ ਬੇਵਸੀ ਸਿਰਫ਼ ਇੱਕ ਵਿਅਕਤੀ ਦੀ ਨਹੀਂ, ਸਗੋਂ ਪੂਰੇ ਪੰਜਾਬ ਦੀ ਸਾਂਝੀ ਤਸਵੀਰ ਬਣ ਜਾਂਦੀ ਹੈ।

ਸਮਾਜਿਕ ਅਸਮਾਨਤਾ 'ਤੇ ਤਿੱਖੀ ਨਜ਼ਰ:

ਕਵੀ ਅਮੀਰ-ਗਰੀਬ ਦੇ ਵਧਦੇ ਪਾੜੇ ਨੂੰ ਵੀ ਨਜ਼ਰਅੰਦਾਜ਼ ਨਹੀਂ ਕਰਦਾ

ਵਾਹ ਓ ਰੱਬਾ ਤੇਰੀਆਂ ਕਲਾਕਾਰੀਆਂ,
ਕਿਸੇ ਵਿਚਾਰੇ ਦੇ ਸਿਰ ਉੱਤੇ ਚੰਗੀ ਛੱਤ ਨਾ,
ਕੁਝ ਮਹਿਲਾਂ ਦੇ ਪੂਲਾਂ 'ਚ ਲਾਉਂਦੇ ਤਾਰੀਆਂ।
(ਕਵਿਤਾ: ਕਲਾਕਾਰੀਆਂ, ਪੰਨਾ 48)

ਇਨ੍ਹਾਂ ਸਤਰਾਂ ਵਿੱਚ ਵਿਅੰਗ ਵੀ ਹੈ, ਦਰਦ ਵੀ ਅਤੇ ਸਮਾਜਿਕ ਚੇਤਨਾ ਵੀ।

ਪੰਜਾਬ, ਪੰਜਾਬੀ ਅਤੇ ਪਰਵਾਸ ਦੀ ਚਿੰਤਾ:

ਪੰਜਾਬ ਦੇ ਨੌਜਵਾਨਾਂ ਦਾ ਵਿਦੇਸ਼ਾਂ ਵੱਲ ਰੁਝਾਨ ਕਵੀ ਨੂੰ ਚਿੰਤਤ ਕਰਦਾ ਹੈ:

ਆਈਲੈੱਟਸ ਪਾਸ ਕਰਨ ਦੀਆਂ ਸਕੀਮਾਂ ਘੜਦੇ ਹਾਂ,
ਆਪਣੇ ਪਿਆਰੇ ਪੰਜਾਬ ਦੀ ਪ੍ਰਵਾਹ ਬਿਲਕੁਲ ਨਾ ਕਰਦੇ ਹਾਂ।
(ਕਵਿਤਾ: ਪੰਜਾਬੀ, ਪੰਨਾ 47)

ਇਹ ਕਵਿਤਾ ਕੇਵਲ ਪਰਵਾਸ ਦਾ ਵਿਰੋਧ ਨਹੀਂ ਕਰਦੀ, ਸਗੋਂ ਆਪਣੀ ਮਿੱਟੀ ਅਤੇ ਮਾਂ-ਬੋਲੀ ਨਾਲ ਜੁੜੇ ਰਹਿਣ ਦੀ ਅਪੀਲ ਕਰਦੀ ਹੈ।

ਨਾਰੀ ਸਨਮਾਨ:

ਕਵੀ ਦੀ ਨਾਰੀ ਪ੍ਰਤੀ ਸੋਚ ਆਦਰ ਅਤੇ ਸਤਿਕਾਰ ਨਾਲ ਭਰੀ ਹੋਈ ਹੈ:

ਮੈਨੂੰ ਜਗਤ ਜਨਨੀ ਕਹਿ ਕੇ ਪਰਚਾਰੋ,
ਔਰਤ ਦੇ ਮਾਂ, ਭੈਣ, ਧੀ, ਪਤਨੀ ਅਨੇਕ ਰੂਪ ਨੇ।
(ਕਵਿਤਾ: ਜਗਤ ਜਨਨੀ, ਪੰਨਾ 36)

ਇਹ ਕਵਿਤਾ ਔਰਤ ਨੂੰ ਕੇਵਲ ਰਿਸ਼ਤਿਆਂ ਦੀ ਪਹਿਚਾਣ ਨਾਲ ਨਹੀਂ, ਸਗੋਂ ਸਿਰਜਣ ਦੀ ਸ਼ਕਤੀ ਵਜੋਂ ਸਥਾਪਿਤ ਕਰਦੀ ਹੈ।

ਵਾਤਾਵਰਣ ਪ੍ਰਤੀ ਜਾਗਰੂਕਤਾ:

ਵਾਤਾਵਰਣ ਦੀ ਸੰਭਾਲ ਦਾ ਸੰਦੇਸ਼ ਵੀ ਸੰਗ੍ਰਹਿ ਦਾ ਮਹੱਤਵਪੂਰਨ ਪੱਖ ਹੈ:-

ਆਓ! ਵੱਧ ਤੋਂ ਵੱਧ ਪੇੜ ਪੌਦੇ ਲਗਾਈਏ,
ਪਰਾਲੀ ਨੂੰ ਅੱਗ ਬਿਲਕੁਲ ਨਾ ਲਾਈਏ।
(ਕਵਿਤਾ: ਆਓ! ਆਪਣੇ ਬਣਦੇ ਫਰਜ਼ ਨਿਭਾਈਏ, ਪੰਨਾ 82)

ਇਹ ਕਵਿਤਾ ਸਾਹਿਤ ਨੂੰ ਸਮਾਜਿਕ ਜ਼ਿੰਮੇਵਾਰੀ ਨਾਲ ਜੋੜਦੀ ਹੈ।

ਭਾਸ਼ਾ ਅਤੇ ਸ਼ੈਲੀ-

ਇਸ ਸੰਗ੍ਰਹਿ ਦੀ ਸਭ ਤੋਂ ਵੱਡੀ ਖ਼ੂਬੀ ਇਸ ਦੀ ਸਹਿਜਤਾ ਹੈ। ਕਵੀ ਨੇ ਠੇਠ ਪੰਜਾਬੀ, ਲੋਕ-ਬੋਲੀ ਅਤੇ ਆਮ ਬੋਲਚਾਲ ਦੇ ਸ਼ਬਦਾਂ ਦੀ ਵਰਤੋਂ ਕੀਤੀ ਹੈ। ਭਾਸ਼ਾ ਵਿੱਚ ਬਣਾਵਟੀਪਣ ਨਹੀਂ, ਸਗੋਂ ਮਿੱਟੀ ਦੀ ਖ਼ੁਸ਼ਬੂ ਹੈ। ਕਵੀ ਨੇ ਭਾਸ਼ਾ ਨੂੰ ਬੇਲੋੜੀ ਸ਼ਬਦਾਵਲੀ ਜਾਂ ਦਿਖਾਵੇ ਵਾਲੇ ਅਲੰਕਾਰਾਂ ਨਾਲ ਬੋਝਲ ਨਹੀਂ ਬਣਾਇਆ। ਇਸ ਕਰਕੇ ਕਵਿਤਾਵਾਂ ਹਰ ਵਰਗ ਦੇ ਪਾਠਕ ਤੱਕ ਆਸਾਨੀ ਨਾਲ ਪਹੁੰਚਦੀਆਂ ਹਨ।

ਮਿੱਠੇ ਬੋਲ ਹੁੰਦੇ ਨੇ ਅਨਮੋਲ,
ਮਿੱਠਾ ਬੋਲ ਕੇ ਪਿਆਰ ਹੈ ਮਿਲਦਾ।
(ਕਵਿਤਾ: ਮਿੱਠੇ ਬੋਲ, ਪੰਨਾ 59)

ਇਹ ਸਹਿਜਤਾ ਹੀ ਇਸ ਸੰਗ੍ਰਹਿ ਦੀ ਸਭ ਤੋਂ ਵੱਡੀ ਤਾਕਤ ਹੈ।

ਕਾਵਿ-ਕਲਾ ਅਤੇ ਸ਼ਿਲਪ:

ਬਚਿੱਤਰ ਸਿੰਘ ਜਟਾਣਾ ਦੀ ਕਵਿਤਾ ਦਾ ਆਧਾਰ ਲੋਕ-ਕਾਵਿ ਦੀ ਲੈਅ, ਸਰਲ ਤੁਕਬੰਦੀ, ਸਿੱਧੀ ਅਭਿਵਿਅਕਤੀ ਅਤੇ ਜੀਵਨ-ਅਨੁਭਵ ਹਨ। ਉਹ ਵੱਡੇ-ਵੱਡੇ ਪ੍ਰਤੀਕਾਂ ਜਾਂ ਗੁੰਝਲਦਾਰ ਬਿੰਬਾਂ ਦੀ ਬਜਾਏ ਆਮ ਮਨੁੱਖ ਦੀ ਭਾਸ਼ਾ ਵਿੱਚ ਆਪਣੀ ਗੱਲ ਕਹਿੰਦੇ ਹਨ। ਇਸ ਕਰਕੇ ਉਨ੍ਹਾਂ ਦੀ ਕਵਿਤਾ ਪੜ੍ਹਨ ਦੀ ਥਾਂ ਸੁਣਨ ਵਾਲੀ ਲੱਗਦੀ ਹੈ।

ਉਨ੍ਹਾਂ ਦੀਆਂ ਕਵਿਤਾਵਾਂ ਵਿੱਚ ਖੇਤ, ਪਾਣੀ, ਰੁੱਖ, ਦੋਸਤੀ, ਪਿੰਡ, ਮਾਂ-ਬੋਲੀ ਅਤੇ ਕਿਰਤ ਵਰਗੇ ਪ੍ਰਤੀਕ ਵਾਰ-ਵਾਰ ਆਉਂਦੇ ਹਨ। ਇਹ ਪ੍ਰਤੀਕ ਕਵੀ ਦੀ ਆਪਣੀ ਜ਼ਮੀਨ ਨਾਲ ਡੂੰਘੀ ਸਾਂਝ ਨੂੰ ਦਰਸਾਉਂਦੇ ਹਨ।

ਅਣਖੀ ਬੰਦੇ ਹਮੇਸ਼ਾ ਸੱਚ ਬੋਲਦੇ,
ਸੱਚ ਬਾਬੇ ਨਾਨਕ ਦੀ ਤੱਕੜੀ 'ਚ ਤੋਲਦੇ।
(ਕਵਿਤਾ: ਅਣਖੀ ਬੰਦੇ, ਪੰਨਾ 14)

ਇਨ੍ਹਾਂ ਸਤਰਾਂ ਵਿੱਚ ਲੋਕ-ਚੇਤਨਾ ਅਤੇ ਨੈਤਿਕ ਮੁੱਲ ਇਕੱਠੇ ਰੁਪਮਾਨ ਹੁੰਦੇ ਹਨ।

ਹਰ ਸਾਹਿਤਕ ਰਚਨਾ ਵਾਂਗ ਇਸ ਕਾਵਿ-ਸੰਗ੍ਰਹਿ ਦੀਆਂ ਵੀ ਕੁਝ ਸੀਮਾਵਾਂ ਹਨ। ਕੁਝ ਕਵਿਤਾਵਾਂ ਵਿੱਚ ਕਾਵਿਕਤਾ ਨਾਲੋਂ ਉਪਦੇਸ਼ਾਤਮਕ ਸੁਰ ਵਧੇਰੇ ਪ੍ਰਭਾਵੀ ਹੋ ਜਾਂਦਾ ਹੈ। ਕਿਤੇ-ਕਿਤੇ ਜੇਕਰ ਬਿੰਬਾਂ, ਰੂਪਕਾਂ ਅਤੇ ਪ੍ਰਤੀਕਾਂ ਦੀ ਵਰਤੋਂ ਹੋਰ ਵਿਸਤ੍ਰਿਤ ਹੁੰਦੀ ਤਾਂ ਕਵਿਤਾਵਾਂ ਦੀ ਕਲਾਤਮਕ ਉਚਾਈ ਹੋਰ ਵਧ ਸਕਦੀ ਸੀ। ਫਿਰ ਵੀ ਇਹ ਗੱਲਾਂ ਇਸ ਸੰਗ੍ਰਹਿ ਦੀ ਸਮੁੱਚੀ ਪ੍ਰਭਾਵਸ਼ੀਲਤਾ ਨੂੰ ਘਟਾਉਂਦੀਆਂ ਨਹੀਂ, ਸਗੋਂ ਭਵਿੱਖ ਵਿੱਚ ਕਵੀ ਦੀ ਹੋਰ ਪਰਿਪੱਕ ਰਚਨਾਤਮਕ ਯਾਤਰਾ ਦੀ ਸੰਭਾਵਨਾ ਵੱਲ ਇਸ਼ਾਰਾ ਕਰਦੀਆਂ ਹਨ।

ਸਮੁੱਚਾ ਮੁਲਾਂਕਣ:

'ਮੁਸ਼ੱਕਤ ਦੇ ਰੰਗ' ਇੱਕ ਅਜਿਹਾ ਕਾਵਿ-ਸੰਗ੍ਰਹਿ ਹੈ ਜੋ ਜੀਵਨ ਨੂੰ ਕਿਤਾਬਾਂ ਵਿੱਚੋਂ ਨਹੀਂ, ਸਗੋਂ ਮਿੱਟੀ, ਖੇਤਾਂ, ਪਿੰਡਾਂ ਅਤੇ ਮਨੁੱਖੀ ਤਜਰਬਿਆਂ ਵਿੱਚੋਂ ਪੜ੍ਹਦਾ ਹੈ। ਇਹ ਸੰਗ੍ਰਹਿ ਪਾਠਕ ਨੂੰ ਮਿਹਨਤ ਦੀ ਮਹੱਤਤਾ, ਮਨੁੱਖੀ ਕਦਰਾਂ, ਸਮਾਜਿਕ ਜ਼ਿੰਮੇਵਾਰੀ, ਕੁਦਰਤ ਨਾਲ ਪਿਆਰ ਅਤੇ ਆਪਣੀ ਮਾਂ-ਬੋਲੀ ਨਾਲ ਜੁੜੇ ਰਹਿਣ ਦਾ ਸੰਦੇਸ਼ ਦਿੰਦਾ ਹੈ।

ਬਚਿੱਤਰ ਸਿੰਘ ਜਟਾਣਾ ਨੇ ਇਹ ਸਾਬਤ ਕੀਤਾ ਹੈ ਕਿ ਪ੍ਰਭਾਵਸ਼ਾਲੀ ਕਵਿਤਾ ਲਈ ਭਾਸ਼ਾ ਦਾ ਔਖਾ ਹੋਣਾ ਲਾਜ਼ਮੀ ਨਹੀਂ, ਸਗੋਂ ਵਿਚਾਰਾਂ ਦੀ ਸੱਚਾਈ ਅਤੇ ਅਨੁਭਵਾਂ ਦੀ ਗਹਿਰਾਈ ਹੀ ਉਸਦੀ ਅਸਲ ਤਾਕਤ ਹੁੰਦੀ ਹੈ।

ਜੇਕਰ ਪੰਜਾਬੀ ਕਾਵਿ ਵਿੱਚ ਲੋਕ-ਜੀਵਨ ਦੀ ਖ਼ੁਸ਼ਬੂ, ਕਿਰਤ ਦਾ ਮਾਣ ਅਤੇ ਮਨੁੱਖੀ ਸੰਵੇਦਨਾਵਾਂ ਦੀ ਸੱਚੀ ਧੜਕਣ ਨੂੰ ਮਹਿਸੂਸ ਕਰਨਾ ਹੋਵੇ ਤਾਂ 'ਮੁਸ਼ੱਕਤ ਦੇ ਰੰਗ' ਨਿਸ਼ਚਤ ਹੀ ਪੜ੍ਹਨਯੋਗ ਪੁਸਤਕ ਹੈ।



**ਨਵਦੀਪ ਸਿੰਘ ਭੁਨੀਰ**
**9876968193**


ਬੁਧਿਸ਼ਟ ਵਿਰਾਸਤ
ਬਚਾਓ ਅੰਦੋਲਨ
ਤਹਿਤ
ਬੁੱਧਿਸ਼ਟ ਇੰਟਰਨੈਸ਼ਨਲ ਨੈਟਵਰਕ ਦੁਆਰਾ
ਰਾਜ ਪੱਧਰ ਤੇ
ਇੱਕ ਦਿਨ ਦੇ ਲਈ
ਵਿਸ਼ੇਸ਼ ਗੱਲਬਾਤ
22 ਜੁਲਾਈ 2026
ਸਮਾਂ: ਸਵੇਰੇ 11 ਵਜੇ ਤੋਂ
ਲੈ ਕੇ ਸ਼ਾਮ 5 ਵਜੇ ਤੱਕ
ਸਥਾਨ -
ਨਾਗਸੇਨ ਬੁੱਧ ਬਿਹਾਰ
ਰੇਲਵੇ ਸਟੇਸ਼ਨ ਦੇ ਸਾਹਮਣੇ
ਡੋਂ.ਗਰਗੜ੍ਹ ਜਿਲਾ,
ਰਾਜ ਨੰਦ ਪਿੰਡ
ਛੱਤੀਸ ਗੜ੍ਹ
ਅਧਿਅਕਸ਼ਤਾ
ਮਾਨਨੀਏ
ਬਾਮਨ ਮੈਸ਼ਰਾਮ
ਸਾਹਿਬ
ਰਾਸ਼ਟਰੀ ਸੁਰੰਕਸ਼ਕ
ਬੁੱਧੀਸ਼ਟ ਇੰਟਰਨੈਸ਼ਨਲ
ਨੈਟਵਰਕ, ਨਵੀਂ ਦਿੱਲੀ
ਆਓ, ਬੁਧਿਸ਼ਟ ਵਿਰਾਸਤ ਦੀ ਰੱਖਿਆ ਲਈ ਇੱਕਜੁੱਟ ਹੋਈਏ।

# ਸਰੀ ਦੇ ਲੋਕਾਂ ਨਾਲ ਰੂ-ਬ-ਰੂ ਹੋਏ ਕੰਸਰਵੇਟਿਵ ਪਾਰਟੀ ਦੇ ਉਮੀਦਵਾਰ ਹੋਨਵੀਰ ਸਿੰਘ ਰੰਧਾਵਾ

**ਵੈਨਕੂਵਰ, 10 ਜੁਲਾਈ (ਮਲਕੀਤ ਸਿੰਘ) –** ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਸਰੀ ਸ਼ਹਿਰ ਦੀ ਸਿਟੀ ਕੌਂਸਲ ਲਈ ਹੋ ਰਹੀਆਂ ਚੋਣਾਂ 'ਚ ਕੰਸਰਵੇਟਵ ਪਾਰਟੀ ਵੱਲੋਂ ਮੇਅਰ ਦੇ ਅਹੁਦੇ ਲਈ ਚੋਣ ਪਿੰਡ 'ਚ ਉਤਾਰੇ ਗਏ ਉਮੀਦਵਾਰ ਹੋਨਵੀਰ ਸਿੰਘ ਰੰਧਾਵਾ ਨੇ ਸਥਾਨਕ ਵੱਖ ਵੱਖ ਪਾਰਕਾਂ ਵਿੱਚ ਆਮ ਲੋਕਾਂ ਨੂੰ ਮਿਲ ਕੇ ਉਨ੍ਹਾਂ ਦੇ ਵਿਚਾਰ, ਸੁਝਾਅ ਅਤੇ ਸਮੱਸਿਆਵਾਂ ਸੁਣੀਆਂ। ਇਸ ਦੌਰਾਨ ਉਨ੍ਹਾਂ ਨੇ ਸਰੀ ਦੇ ਭਵਿੱਖ ਬਾਰੇ ਆਪਣਾ ਦ੍ਰਿਸ਼ਟੀਕੋਣ ਵੀ ਲੋਕਾਂ ਨਾਲ ਸਾਂਝਾ ਕੀਤਾ।

ਰੰਧਾਵਾ ਨੇ ਕਿਹਾ ਕਿ ਹਰ ਗੱਲਬਾਤ ਸਰੀ ਦੇ ਭਵਿੱਖ ਨੂੰ ਨਵੀਂ ਦਿਸ਼ਾ ਦਿੰਦੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਚਿੰਤਾਵਾਂ ਨੂੰ ਸਮਝ ਕੇ ਹੀ ਅਜਿਹੀਆਂ ਨੀਤੀਆਂ ਬਣਾਈਆਂ ਜਾ ਸਕਦੀਆਂ ਹਨ ਜੋ ਸ਼ਹਿਰ ਨੂੰ ਹੋਰ ਸੁਰੱਖਿਅਤ, ਵਧੇਰੇ ਕਿਫ਼ਾਇਤੀ ਅਤੇ ਪਰਿਵਾਰਾਂ ਲਈ ਬਿਹਤਰ ਬਣਾਉਣ ਵਿੱਚ ਮਦਦਗਾਰ ਸਾਬਤ ਹੋਣ। ਇਸ ਮੌਕੇ ਤੇ ਮੌਜੂਦ ਲੋਕਾਂ ਨੂੰ ਕੰਸਰਵੇਟਿਵ ਪਾਰਟੀ ਦੀ ਨੀਤੀਆਂ ਸਬੰਧੀ ਜਾਣੂ ਕਰਵਾਉਂਦਿਆਂ

ਉਨ੍ਹਾਂ ਨੇ ਕਿਹਾ ਕਿ ਜੇਕਰ ਲੋਕਾਂ ਦਾ ਸਹਿਯੋਗ ਮਿਲਿਆ ਤਾਂ ਸ਼ਹਿਰ ਵਿੱਚ ਜਨਤਕ ਸੁਰੱਖਿਆ, ਰਿਹਾਇਸ਼ ਦੀ ਸਮਰੱਥਾ, ਬੁਨਿਆਦੀ ਢਾਂਚੇ ਦੇ ਵਿਕਾਸ ਅਤੇ ਭਾਈਚਾਰਕ ਭਲਾਈ ਨੂੰ ਤਰਜੀਹ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਰੀ ਦਾ ਮਜ਼ਬੂਤ ਭਵਿੱਖ ਲੋਕਾਂ ਦੇ ਭਰਮੇ ਸਹਿਯੋਗ ਨਾਲ ਹੀ ਸੰਭਵ ਹੈ। ਇਸ ਮੌਕੇ ਤੇ ਉਹਨਾਂ ਨਾਲ ਕੌਂਸਲਰ ਉਮੀਦਵਾਰਾਂ ਵਿੱਚੋਂ ਰਿਕੀ ਬਾਜਵਾ, ਡੈਨ ਕਰਲੋਜ, ਕੈਲਵਿਨ ਵੰਡਰਪਲੋਗ, ਡੋਨਾਂ ਵੂ ਆਦਿ ਸਮੇਤ ਹੋਰ ਬਹੁਤ ਸਾਰੇ ਪਾਰਟੀ ਵਰਕਰ ਹਾਜ਼ਰ ਸਨ।



ਸਰੀ ਦੇ ਇੱਕ ਪਾਰਕ ਵਿੱਚ ਕੰਸਰਵੇਟਿਵ ਪਾਰਟੀ ਦੀਆਂ ਨੀਤੀਆਂ ਤੋਂ ਆਮ ਲੋਕਾਂ ਨੂੰ ਜਾਣੂ ਕਰਾਉਂਦੇ ਹੋਏ ਹੋਨਵੀਰ ਸਿੰਘ ਰੰਧਾਵਾ।







Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition


# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com